ISSN : 2395-1273

# ਸੰਵਾਦ

www.sanvad.org

21 ਵਾਂ ਅੰਕ
ਜਨਵਰੀ-ਜੂਨ 2025



Refugee Women (S.L. Prashar) Partition Museum

ESTD. 1892

ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ

ਛਿਮਾਹੀ ਖੋਜ ਰਸਾਲਾ
ਜਨਵਰੀ-ਜੂਨ 2025
ਅੰਕ-21ਵਾਂ

**ਸਰਪ੍ਰਸਤ**
ਡਾ. ਅਰਵਿੰਦਰ ਕੌਰ ਕਾਹਲੋਂ
ਪ੍ਰਿੰਸੀਪਲ (ਕਾਰਜਕਾਰੀ)
ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**
ਡਾ. ਆਤਮ ਸਿੰਘ ਰੰਧਾਵਾ

ISSN : 2395-1273

# ਸੰਵਾਦ

ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

*A Peer Reviewed Punjabi Research Journal*

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ
**ਖ਼ਾਲਸਾ ਕਾਲਜ ਅੰਮ੍ਰਿਤਸਰ**-143002

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

| Patron : | Chief Editor: |
|---|---|
| *Dr. A. K. Kahlon* | *Dr. Atam Singh Randhawa* |
| +91 98724-56833 | +91 98722-17273 |
| ❐ | ❐ |
| ISSN : 2395-1273 | January-June 2025 |



**ਸਲਾਹਕਾਰ ਬੋਰਡ**

**ਡਾ. ਮਹਿਲ ਸਿੰਘ**

ਵਾਈਸ ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**

ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ


**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**


**ਚੰਦਾ ਭੇਜਣ ਤੇ ਮਿਲਣ ਦਾ ਪਤਾ**

**ਪ੍ਰਿੰਸੀਪਲ**

**ਖ਼ਾਲਸਾ ਕਾਲਜ, ਅੰਮ੍ਰਿਤਸਰ**

khalsacollegeamritsar@yahoo.com

www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1800 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**

Punjab National Bank Kot Khalsa, Amritsar



**© Principal, Khalsa College Amritsar**



**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 11ਵਾਂ, ਅੰਕ - 21ਵਾਂ ||| ਜਨਵਰੀ-ਜੂਨ 2025**

## ਤਤਕਰਾ


❒ **ਸੰਪਾਦਕੀ** 5

❒ **ਕੁਆਂਟਮ ਕਾਵਿ-ਸ਼ਾਸਤਰ** 9
ਅਮਰਜੀਤ ਸਿੰਘ ਗਰੇਵਾਲ

❒ **ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼** 16
ਡਾ. ਮਹਿਲ ਸਿੰਘ

❒ **ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਕ ਸੰਖੇਪ ਵਿਸ਼ਲੇਸ਼ਣ** 22
ਡਾ. ਰਣਜੀਤ ਸਿੰਘ ਘੁੰਮਣ

❒ **ਪੰਜਾਬ ਵੰਡ (1947) : ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ** 28
ਡਾ. ਸੁਖਦੇਵ ਸਿੰਘ ਸੋਹਲ

❒ **ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ** 36
ਡਾ. ਜਸਵਿੰਦਰ ਸਿੰਘ

❒ **ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ** 44
ਡਾ. ਸਰਬਜੀਤ ਸਿੰਘ

❒ **ਪੰਜਾਬ ਦੀ ਵੰਡ : ਇਕ ਤ੍ਰਾਸਦੀ ਦੇ ਛੇ ਅਧਿਆਇ** 55
ਡਾ. ਅਮਨਪ੍ਰੀਤ ਸਿੰਘ ਗਿੱਲ

❒ **ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ** 63
ਡਾ. ਪਰਮਜੀਤ ਕੌਰ ਸਿੱਧੂ

❒ **ਬਾਰਹਮਾਹ ਤੁਖਾਰੀ : ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ** 69
ਡਾ. ਪਰਮਿੰਦਰ ਸਿੰਘ

❒ **ਧੁਨੀ ਸਿਧਾਂਤ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਦਾ ਵਿਸ਼ਲੇਸ਼ਣ** 75
ਡਾ. ਰਜਨੀ ਬਾਲਾ

❒ **ਪਾਂਧੀ ਨਨਕਾਣਵੀਂ ਦੇ ਨਾਟਕ : 'ਰਾਤ ਵੇਲੇ ਸਰਘੀ ਵੇਲੇ' ਦੀਆਂ ਸੰਵਾਦੀ ਜੁਗਤਾਂ** 84
ਨਿੰਦਰਪਾਲ ਸਿੰਘ ਅਤੇ ਡਾ. ਨਛੱਤਰ ਸਿੰਘ

❒ **ਸਾਹਿਤਕ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ** 91
ਡਾ. ਸਰਬਜੀਤ ਸਿੰਘ

❒ **ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ** 97
ਡਾ. ਪ੍ਰਕਾਸ਼ ਸਿੰਘ

❒ **ਗਾਇਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ** 112
ਡਾ. ਸਤਵੀਰ ਸਿੰਘ

❒ **ਅੱਲਾਮਾ ਇਕਬਾਲ ਦੀ ਪੰਜਾਬੀਅਤ : ਆਲੋਚਨਾਤਮਕ ਦ੍ਰਿਸ਼ਟੀਕੋਣ** 124
ਡਾ. ਗੁਰਪ੍ਰੀਤ ਸਿੰਘ ਸੋਢੀ

❒ **ਲਾਹੌਰ ਦਾ ਪਾਗਲਖਾਨਾ : ਦੇਸ਼-ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼** 128
ਡਾ. ਰੁਪਿੰਦਰ ਕੌਰ

❒ **ਲੈਵਿਸ ਹੈਨਰੀ ਮਾਰਗਨ ਦਾ ਚਿੰਤਨ : 'ਪੁਰਾਤਨ ਸਮਾਜ' ਦੇ ਪ੍ਰਸੰਗ ਵਿਚ** 131
ਦਲਜੀਤ ਕੌਰ

❒ **ਵਾਰਿਸ ਸ਼ਾਹ ਰਚਿਤ 'ਹੀਰ' ਵਿਚ ਛੰਦ, ਤਾਲ, ਰਾਗ ਅਤੇ ਰਸ ਦਾ ਅੰਤਰ-ਸਬੰਧ** 138
ਡਾ. ਪਵਨ ਸਰਵਰ

❒ **ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਤ**
**ਪੰਜਾਬੀ ਨਾਵਲ ਸਮਾਜ ਸਭਿਆਚਾਰਕ ਪਰਿਪੇਖ** 147
ਕੁਲਜੀਤ ਸਿੰਘ

❒ **ਸੁਖਜੀਤ ਦਾ ਕਹਾਣੀ ਜਗਤ : ਵਸਤੂ ਅਤੇ ਵਿਧੀ** 156
ਡਾ. ਨਵਜੋਤ ਕੌਰ

**ਪੁਸਤਕ ਰੀਵਿਊ :**

- **ਚੁਰਾਸੀ ਲੱਖ ਯਾਦਾਂ (ਨਾਵਲ)/ਜਸਬੀਰ ਮੰਡ** : ਡਾ. ਮਹਿਲ ਸਿੰਘ 163
- **ਪਰਛਾਵਿਆਂ ਦੀ ਜੂਨ ਭੋਗਦੇ ਅਕਾਰਾਂ ਦਾ ਧੁਰਦੇਸ : ਚੁਰਾਸੀ ਲੱਖ ਯਾਦਾਂ** : ਡਾ. ਯਾਦਵਿੰਦਰ ਸਿੰਘ 165
- **ਮਨੁ ਪੰਖੀ ਭਇਓ (ਨਾਵਲ)/ਮਨਮੋਹਨ** : ਡਾ. ਹਰਪ੍ਰੀਤ ਸਿੰਘ 168
- **ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ (ਆਲੋਚਨਾ)/ਡਾ. ਹਰਿਭਜਨ ਸਿੰਘ ਭਾਟੀਆ** 170
  ਡਾ. ਪਰਮਜੀਤ ਢੀਂਗਰਾ


ISSN : 2395-1273



# ਗਾਈਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ


**ਡਾ. ਸਤਵੀਰ ਸਿੰਘ**

ਸਹਾਇਕ ਪ੍ਰੋਫ਼ੈਸਰ, ਗੈਸਟ ਫੈਕਲਟੀ, ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
✆ 9592352258


ਸਬਾਲਟਰਨ ਅਧਿਐਨ ਸਬੰਧੀ ਗੰਭੀਰ ਦਾਰਸ਼ਨਿਕ ਸਵਾਲਾਂ ਨੂੰ ਸੰਵਾਦ ਅਧੀਨ ਲਿਆਉਣ ਵਿਚ ਵਿਸ਼ਵ ਪ੍ਰਸਿੱਧ ਚਿੰਤਕ ਗਾਈਤਰੀ ਚੱਕਰਵਰਤੀ ਸਪੀਵਾਕ ਦਾ ਵਿਸ਼ੇਸ਼ ਯੋਗਦਾਨ ਹੈ। ਗਾਈਤਰੀ ਚੱਕਰਵਰਤੀ ਸਪੀਵਾਕ ਦੀਆਂ ਪ੍ਰਮੁੱਖ ਪੁਸਤਕਾਂ *In other Worlds* (1987), *The post-colonial critic: Interviews, Strategies, Dialogues(1990)*, *Outside in the teaching Machine (1993)*, *A Critique of postcolonial reason* (1999), *Can the Subaltern speak?* (2009) ਆਦਿ ਹਨ। ਹੱਥਲੇ ਖੋਜ-ਪੱਤਰ ਅੰਦਰ ਗਾਈਤਰੀ ਦੇ ਵਿਸ਼ਵ ਪ੍ਰਸਿੱਧ ਖੋਜ-ਪੱਤਰ 'ਕੀ ਸਬਾਲਟਰਨ ਬੋਲ ਸਕਦਾ ਹੈ'? (Can the Subaltern speak?) ਦੀ ਅਲੋਚਨਾਤਮਕ ਪੜ੍ਹਤ ਪੇਸ਼ ਕੀਤੀ ਗਈ ਹੈ। ਇਸ ਪੜ੍ਹਤ ਵਿਚ ਸਪੀਵਾਕ ਦੀ ਅਨਤੋਨੀਓ ਗ੍ਰਾਮਸ਼ੀ ਤੇ ਸਬਾਲਟਰਨ ਇਤਿਹਾਸਕਾਰਾਂ ਨਾਲ ਵਿਚਾਰਕ ਸੰਵਾਦ ਵਿਚਲੀਆਂ ਸਾਂਝਾ ਤੇ ਵਖਰੇਵਿਆਂ ਨੂੰ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਸਪੀਵਾਕ ਆਪਣੇ ਇਸ ਖੋਜ-ਪੱਤਰ ਰਾਹੀਂ ਸਬਾਲਟਰਨ ਸਟੱਡੀਜ਼ ਸਕੂਲ ਦੇ ਵਿਚਾਰ-ਪ੍ਰਬੰਧ ਦਾ ਆਲੋਚਨਾਤਮਕ ਵਿਸ਼ਲੇਸ਼ਣ ਕਰਦੀ ਹੋਈ ਇਸ ਦੀਆਂ ਸੀਮਾਵਾਂ ਨੂੰ ਨਸ਼ਰ ਕਰਦਿਆਂ ਕਈ ਮਹੱਤਵਪੂਰਨ ਸਵਾਲਾਂ ਨੂੰ ਅੰਤਰ-ਰਾਸ਼ਟਰੀ ਬੌਧਿਕ ਹਲਕਿਆਂ ਵਿਚ ਸੰਵਾਦ ਦਾ ਵਿਸ਼ਾ ਬਣਾਉਂਦੀ ਹੈ। ਇਸ ਲਈ ਉਹ ਯੱਕ ਦੈਰੀਦਾ ਦੇ ਵਿਚਾਰ-ਪ੍ਰਬੰਧ ਨੂੰ ਆਤਮਸਾਤ ਕਰਦੇ ਹੋਏ ਬਸਤੀਵਾਦੀ ਪ੍ਰਵਚਨਾਂ ਦਾ ਵਿਖੰਡਨ ਕਰਦੀ ਹੈ। ਉਹ ਤੀਜੀ ਦੁਨੀਆ ਦੇ ਦੇਸ਼ਾਂ ਨੂੰ ਬਸਤੀਵਾਦੀ ਪੂੰਜੀਵਾਦੀ ਪ੍ਰਬੰਧ ਤੋਂ ਅਮਰੀਕੀ ਸਾਮਰਾਜੀ ਪ੍ਰਬੰਧ ਤੇ ਉਸ ਤੋਂ ਅਗਾਂਹ ਵਿਸ਼ਵੀਕਰਨ ਅਧੀਨ ਰਾਜਸੀ, ਆਰਥਿਕ, ਸਭਿਆਚਾਰਕ ਤੇ ਗਿਆਨਾਤਮਕ ਪੱਧਰ 'ਤੇ ਸ਼ੋਸ਼ਤ ਕਰਨ ਦੇ ਮਹੀਨ ਜਾਲ ਨੂੰ ਸੂਖਮ ਅਲੋਚਨਾਤਮਕ ਵਿਵੇਕ ਦਾ ਮਰਕਜ਼ ਬਣਾਉਂਦੀ ਹੈ। ਗਾਈਤਰੀ ਦੀ ਧਾਰਨਾ ਹੈ ਕਿ ਬਸਤੀਵਾਦੀ ਪ੍ਰਬੰਧ ਸਿੱਧੇ ਰੂਪ ਵਿਚ ਖਤਮ ਹੋਣ 'ਤੇ ਵੀ ਬੌਧਿਕ ਤੇ ਆਰਥਿਕ ਪੱਧਰ 'ਤੇ ਅਜੇ ਵੀ ਪੂਰਵ-ਬਸਤੀਆਂ ਰਹੇ ਦੇਸ਼ਾਂ 'ਤੇ ਅਸਰ ਅੰਦਾਜ਼ ਹੈ। ਇਸ ਨਵੀਂ ਅਮਰੀਕੀ ਚੌਧਰ ਅਧੀਨ ਪੂੰਜੀਵਾਦ ਨੇ ਵਿਸ਼ਵ ਨੂੰ ਗ਼ੈਰ-ਬਰਾਬਰ ਤਾਕਤ ਸਬੰਧਾਂ ਵਿਚ ਵੰਡ ਦਿੱਤਾ ਹੈ।

ਗਾਈਤਰੀ ਅਨੁਸਾਰ ਇਸ ਪੇਸ਼ਕਾਰੀ ਲਈ ਬਹੁਤ ਦੁੱਖਦਾਈ ਕਰੜੀ ਮੁਸ਼ੱਕਤ ਦੀ ਲੋੜ ਹੁੰਦੀ ਹੈ। ਇਸ ਵਿਚ ਆਪਣੀ ਪੇਸ਼ਕਾਰੀ ਨੂੰ ਪਾਰਦਰਸ਼ੀ ਸਮਝਣ ਦੇ ਭੁਲੇਖੇ ਨੂੰ ਤਿਆਗਣਾ ਪੈਂਦਾ ਹੈ। ਆਪਣੀ ਵਰਗ ਜਾਂ ਕੁਲੀਨ ਸਥਿਤੀ ਅੰਦਰ ਸਵੈ-ਗ਼ਾਤ ਮਾਰਨੀ ਪੈਂਦੀ ਹੈ। ਗਾਈਤਰੀ ਆਪ ਵੀ ਕੁਲੀਨ ਪੱਛਮੀ ਬੌਧਿਕ ਹਲਕਿਆਂ ਤੇ ਉਸਦੇ ਫੰਡਿਗ ਕਰਨ ਵਾਲੇ ਵਿਸ਼ਵੀ ਸਰਮਾਏ ਨਾਲ ਸਬੰਧਾਂ ਨੂੰ ਸਾਹਮਣੇ ਰੱਖਦੀ ਹੈ। ਉਹ ਕਈ ਤਰ੍ਹਾਂ ਦੇ ਸਵਾਲ ਖੜੇ ਕਰਦੀ ਹੈ ਕਿ ਕੀ ਅਸੀਂ ਸਬਾਲਟਰਨ ਧਿਰਾਂ ਪ੍ਰਤੀ ਬੋਲਦੇ ਜਾਂ ਗਿਆਨ ਦੀ ਪੈਦਾਵਾਰ ਕਰਦੇ ਸ਼ੋਸ਼ਣ ਦੀਆਂ ਤੰਦਾਂ ਨੂੰ ਹੀ ਤਾਂ ਮਜ਼ਬੂਤ ਨਹੀਂ ਕਰ ਰਹੇ?

ਗ੍ਰਾਮਸ਼ੀ ਤੇ 'ਸਬਾਲਟਰਨ ਸਟੱਡੀਜ਼ ਸਕੂਲ' ਦੁਆਰਾ ਸਬਾਲਟਰਨ ਦੀ ਪਰਿਭਾਸ਼ਾ, ਸੰਕਲਪ ਅਤੇ ਸਰੂਪ ਸਬੰਧੀ ਉਸਾਰੀਆਂ ਧਾਰਨਾਵਾਂ ਦੀ ਤਿੱਖੀ ਆਲੋਚਨਾ ਵੀ ਚਿੰਤਕ ਗਾਈਤਰੀ ਚੱਕਰਵਰਤੀ ਸਪੀਵਾਕ ਪੇਸ਼ ਕਰਦੀ ਹੈ। ਗਾਈਤਰੀ ਜਾਤ, ਜਮਾਤ, ਲਿੰਗ, ਨਸਲ, ਘੱਟ-ਗਿਣਤੀ ਆਦਿ ਆਧਾਰਾਂ 'ਤੇ ਹੁੰਦੇ ਸ਼ੋਸ਼ਣ ਦੇ ਰੂਪਾਂ ਦੀ ਪਹਿਚਾਣ ਲਈ ਮਾਰਕਸਵਾਦ, ਉਤਰ-ਸੰਰਚਨਾਵਾਦ, ਵਿਰਚਨਾਵਾਦ, ਉਤਰ-ਨਾਰੀਵਾਦ ਅਤੇ ਉਤਰ-ਬਸਤੀਵਾਦ ਆਦਿ ਚਿੰਤਨ ਧਾਰਾਵਾਂ ਤੋਂ ਅੰਤਰ ਦ੍ਰਿਸ਼ਟੀਆਂ ਲੈਂਦੀ ਹੋਈ ਅੰਤਰ-ਅਨੁਸ਼ਾਸਨੀ ਪਹੁੰਚ ਅਖਤਿਆਰ ਕਰਦੀ ਹੈ। ਇਸ ਕਰਕੇ ਹੀ ਕਈ ਆਲੋਚਕ ਉਸਨੂੰ 'ਨਾਰੀਵਾਦੀ ਮਾਰਕਸਵਾਦੀ ਡੀਕੰਸਟ੍ਰਕਟਿਵ' ਹੋਣ ਦਾ ਲਕਬ ਪ੍ਰਦਾਨ ਕਰਦੇ ਹਨ। ਪਰ ਮੇਰੀ ਪਰਿਕਲਪਨਾ ਇਹ ਹੈ ਕਿ ਸਪੀਵਾਕ ਲਈ ਇਨ੍ਹਾਂ ਚਿੰਤਨ ਧਾਰਾਵਾਂ ਦੁਆਰਾ ਪ੍ਰਾਪਤ ਕੀਤੀਆਂ ਅੰਤਰ-ਦ੍ਰਿਸ਼ਟੀਆਂ ਤੀਜੀ ਦੁਨੀਆ ਦੇ ਸਬਾਲਟਰਨ ਦੀ ਹਾਸ਼ੀਆਕ੍ਰਿਤ ਸਥਿਤੀ ਦੇ ਪਹਿਲੀ ਦੁਨੀਆ ਦੇ ਵਿਕਸਤ ਦੇਸ਼ਾਂ ਨਾਲ ਬਹੁ-ਪਰਤੀ ਸਬੰਧਾਂ ਦੀ ਬਰੀਕ ਸਮਝ ਲਈ ਕੇਵਲ ਸਾਧਨ



ਜਨਵਰੀ-ਜੂਨ 2025

(ਪੰਨੇ 112-123)

**www.sanvad.org**
ISSN : 2395-1273

ਮਾਤਰ ਹਨ। ਇਨ੍ਹਾਂ ਅੰਤਰ-ਦ੍ਰਿਸ਼ਟੀਆਂ ਨੂੰ ਆਤਮਸਾਤ ਕਰਦੀ ਹੋਈ ਉਹ ਪਹਿਲੀ ਦੁਨੀਆ ਦੇ ਆਰਥਿਕ, ਰਾਜਨੀਤਕ, ਸਭਿਆਚਾਰਕ ਅਤੇ ਬੌਧਿਕ ਗ਼ਲਬੇ ਦਾ ਪਰਦਾਫਾਸ਼ ਕਰਦੀ ਜੈਂਡਰ ਦੇ ਸਵਾਲ ਨੂੰ ਕੇਂਦਰ ਵਿਚ ਰੱਖਦੀ ਹੈ। ਉਸ ਦੁਆਰਾ ਸਬਾਲਟਰਨ ਸਮੂਹਾਂ ਦੀ ਪਰਿਭਾਸ਼ਾ, ਸੰਕਲਪ ਅਤੇ ਸਰੂਪ ਨੂੰ ਨਿਰਧਾਰਤ ਕਰਨ ਲਈ ਤੀਜੀ ਦੁਨੀਆ ਅੰਦਰ ਉਠਾਏ ਜੈਂਡਰ ਆਧਾਰਤ ਸ਼ੋਸ਼ਣ ਦੇ ਸਵਾਲ ਹੀ ਉਸਨੂੰ ਸਬਾਲਟਰਨ ਸਕੂਲ ਤੋਂ ਵਿਲੱਖਣਤਾ ਪ੍ਰਦਾਨ ਕਰਦੇ ਹਨ।

ਸਬਾਲਟਰਨ ਸਬੰਧੀ ਗਾਈਤਰੀ ਚੱਕਰਵਰਤੀ ਦਾ ਚਿੰਤਨ ਕਈ ਪੱਖਾਂ ਤੋਂ ਗ੍ਰਾਮਸ਼ੀ ਤੋਂ ਬਿਲਕੁਲ ਵੱਖਰਾ ਹੈ। ਗਾਇਤਰੀ ਦਾ ਇਹ ਚਿੰਤਨੀ ਵਖਰੇਵਾਂ ਉਸਦੀ ਸਬਾਲਟਰਨ ਤੇ ਇਸ ਨਾਲ ਸਬੰਧਤ ਪੇਸ਼ਕਾਰੀ ਜਾਂ ਨੁਮਾਇੰਦਗੀ ਦੀ ਸਮੱਸਿਆ ਨਾਲ ਸਬੰਧਤ ਹੈ। ਗਾਇਤਰੀ ਦੀ ਸਬਾਲਟਰਨ ਸਮਝ ਪ੍ਰਤਿ-ਤੱਤਵਾਦੀ (anti-Essentialism) ਪ੍ਰਕਿਰਤੀ ਦੀ ਹੈ। ਤੱਤਵਾਦ ਜਾਂ ਸਾਰਵਾਦ (essentialism) ਅਧੀਨ ਇਹ ਮੰਨ ਲਿਆ ਜਾਂਦਾ ਹੈ ਕਿ ਕਿਸੇ ਵਸਤ, ਵਰਤਾਰੇ ਜਾਂ ਪਛਾਣ ਦਾ ਅ-ਬਦਲ ਕੁਦਰਤੀ ਸਾਰ ਹੈ। ਇਸ ਕਰਕੇ ਇਸ 'ਤੇ ਆਧਾਰਤ ਧਾਰਨਾਵਾਂ ਵਿਚ ਸਾਰ ਨੂੰ ਇਕਰੂਪੀ ਵਿਸ਼ਵਵਿਆਪੀ ਮੰਨ ਕੇ ਅੰਦਰੂਨੀ ਵੱਖਰਤਾਵਾਂ ਨਜ਼ਰ-ਅੰਦਾਜ਼ ਕਰ ਦਿੱਤੀਆਂ ਜਾਂਦੀਆਂ ਹਨ। ਸਪੀਵਾਕ ਇਸ ਸਾਰਵਾਦ ਦੇ ਵਿਰੋਧ ਵਿਚ ਸਬਾਲਟਰਨ ਦੀ ਸਮੇਂ, ਸਥਾਨ ਤੇ ਸਥਿਤੀ ਕੇਂਦਰਤ ਬਹੁਵਾਦੀ ਪਰਿਭਾਸ਼ਾ ਕਰਦੀ ਹੈ।

ਗ੍ਰਾਮਸ਼ੀ ਦੇ 'ਸਬਾਲਟਰਨ' ਸੰਕਲਪ ਪ੍ਰਤੀ ਉਹ ਜੇਲ ਸੈਂਸਰਸ਼ਿਪ ਵਾਲਾ ਵਿਚਾਰ ਹੀ ਪੇਸ਼ ਕਰਦੀ ਹੈ, ਭਾਵ ਗ੍ਰਾਮਸ਼ੀ ਜੇਲ ਸੈਂਸਰਸ਼ਿਪ ਤੋਂ ਬਚਣ ਲਈ 'ਸਬਾਲਟਰਨ' ਸ਼ਬਦ ਪ੍ਰੋਲੇਤਾਰੀ ਵਰਗ ਲਈ ਵਰਤ ਰਿਹਾ ਸੀ। ਭਾਵੇਂ ਕੇ ਉਸਦਾ ਇਹ ਵੀ ਮੰਨਣਾ ਹੈ ਕਿ ਗ੍ਰਾਮਸ਼ੀ ਦੱਖਣੀ ਇਟਲੀ ਦੇ ਕਿਸਾਨੀ ਆਧਾਰਤ ਸਮਾਜ ਦਾ ਵਿਸ਼ਲੇਸ਼ਣ ਕਰਦਾ ਹੋਇਆ ਇਹ ਜ਼ਰੂਰ ਮਹਿਸੂਸ ਕਰਦਾ ਹੈ ਕਿ ਕੇਵਲ ਵਰਗ ਆਧਾਰਤ ਪ੍ਰਸ਼ਨ ਹੀ ਸਮੱਸਿਆ ਦਾ ਪੂਰਨ ਹੱਲ ਨਹੀਂ ਕਰ ਸਕਦਾ। ਪਰੰਤੂ ਉਸਦਾ ਗ੍ਰਾਮਸ਼ੀ ਅਤੇ ਮਾਰਕਸਵਾਦੀਆਂ ਦੀ ਆਲੋਚਨਾ ਦਾ ਮੁੱਖ ਆਧਾਰ ਕਠੋਰ ਵਰਗ ਵਿਸ਼ਲੇਸ਼ਣ ਪਹੁੰਚ ਵਿਧੀ ਅਤੇ ਇਸ ਵਿਚ ਕਾਰਜਸ਼ੀਲ ਸਾਰਵਾਦ/ਤੱਤਵਾਦ ਹੈ। ਇਸ ਤੱਤਵਾਦ ਅਧੀਨ ਹੀ ਉਹ ਸਬਾਲਟਰਨ ਸਮੂਹਾਂ ਦੇ ਵਿਸ਼ਾਲ ਭਿੰਨਜਾਤਿਤ ਜੀਵੰਤ ਅਨੁਭਵ ਨੂੰ ਵਰਗ ਵਿਸ਼ਲੇਸ਼ਣ ਦੇ ਸੀਮਤ ਦਾਇਰੇ ਅੰਦਰ ਘਟਾ ਦਿੰਦੇ ਹਨ। ਰਣਜੀਤ ਗੁਹਾ ਅਤੇ 'ਸਬਾਲਟਰਨ ਸਟੱਡੀਜ਼ ਸਕੂਲ' ਦੀ ਆਲੋਚਨਾ ਵੀ ਉਹ ਇਸੇ ਪਰਿਪੇਖ ਤੋਂ ਕਰਦੀ ਹੈ। ਰਣਜੀਤ ਗੁਹਾ ਦੇ ਸੰਦਰਭ ਵਿਚ ਹਾਲਾਂਕਿ ਇਹ ਦੇਖਣ ਨੂੰ ਮਿਲਦਾ ਹੈ ਕਿ ਉਹ ਤੱਤਵਾਦ ਤੋਂ ਨਿਜਾਤ ਪਾਉਣ ਲਈ ਸਬਾਲਟਰਨ ਦੀ ਪਰਿਭਾਸ਼ਾ ਨੂੰ ਲਚਕੀਲਾ ਰੱਖਦਾ ਹੋਇਆ ਸਬਾਲਟਰਨ ਨੂੰ ਲੋਕਾਂ ਦੇ ਇਕ ਅਜਿਹੇ ਵੱਡੇ ਸਮੂਹ ਵਜੋਂ ਪੇਸ਼ ਕਰਦਾ ਹੈ ਜੋ ਕੁਲੀਨ ਨਹੀਂ ਹਨ। ਪਰੰਤੂ ਜਦੋਂ ਉਹ ਕੁਲੀਨ ਦੇ ਵਿਰੋਧ ਵਿਚ 'ਸਬਾਲਟਰਨ' ਦੇ ਖ਼ੁਦਮੁਖ਼ਤਿਆਰ ਸਥਾਨ ਨੂੰ ਨਿਰਮਤ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਤੱਤਵਾਦ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਅਧੀਨ ਹੀ ਉਹ ਸ਼ੁੱਧ ਸਬਾਲਟਰਨ ਚੇਤਨਾ ਦੀ ਭਾਲ ਵਿਚ ਗ੍ਰਸਤ ਹੋ ਜਾਂਦਾ ਹੈ। ਵਿਨੇ ਗਿਡਵਾਨੀ (Vinay Gidwani) ਦੇ ਅਨੁਸਾਰ:

> "ਰਣਜੀਤ ਗੁਹਾ ਦੀ ਇਹ ਕੋਸ਼ਿਸ਼ ਤੱਤਵਾਦੀ/ਸਾਰਵਾਦੀ ਹੈ ਕਿਉਂਕਿ ਇਹ ਸਬਾਲਟਰਨ ਸਮੂਹਾਂ ਵਿਚਲੀਆਂ ਬਹੁਲਤਾਵਾਂ/ਵੱਖਰਤਾਵਾਂ ਨੂੰ ਨਕਾਰਦੀ ਹੈ ਅਤੇ ਉਹਨਾਂ ਨੂੰ ਅਸਿੱਧੇ ਰੂਪ ਵਿਚ ਵੱਖਰਤਾਵਾਂ ਰਹਿਤ ਮਾਨਵਵਾਦੀ ਅਤੇ ਮਰਦ ਕਰਤੇ ਦੀ ਭੂਮਿਕਾ ਵਿਚ ਤਬਦੀਲ ਕਰ ਦਿੰਦੀ ਹੈ।[11]

ਦੂਜਾ, ਇਸ ਵਿਚਾਰ ਹੇਠ ਸਬਾਲਟਰਨ ਦੀ ਚੇਤਨਾ ਨੂੰ ਪ੍ਰਵਚਨ, ਨੁਮਾਇੰਦਗੀ ਦੀ ਵਿਚੋਲਗੀ ਤੋਂ ਪਾਰ ਪਾਰਦਰਸ਼ੀ ਰੂਪ ਵਿਚ ਵਿਕਸਤ ਹੁੰਦੇ ਮੰਨ ਲਿਆ ਜਾਂਦਾ ਹੈ। ਸਪੀਵਾਕ ਅਨੁਸਾਰ ਸਬਾਲਟਰਨ ਸਟੱਡੀਜ਼ ਸਮੂਹ ਦਾ ਪ੍ਰੋਜੈਕਟ ਆਪਣੇ ਆਪ ਵਿਚ ਹੀ ਇਕ ਅੰਤਰ-ਵਿਰੋਧੀ ਪ੍ਰੋਜੈਕਟ ਸੀ, ਕਿਉਂਕਿ ਸਬਾਲਟਰਨ ਦੀ ਆਵਾਜ਼ ਜਿਨ੍ਹਾਂ ਪੁਰਾਲੇਖਾਂ ਵਿਚੋਂ ਸੁਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ, ਉਹ ਤਾਂ ਪੂਰੀ ਤਰ੍ਹਾਂ ਬਸਤੀਵਾਦੀ ਨਜ਼ਰੀਏ ਦੀ ਪੈਰਵੀ ਕਰਦੇ ਸਨ। ਇਨ੍ਹਾਂ ਸਰੋਤਾਂ ਵਿਚ ਇਹ ਸਮੂਹ 'ਦੂਜੇ' ਦੀ ਤਰ੍ਹਾਂ ਪੇਸ਼ ਕੀਤੇ ਗਏ ਸਨ। ਆਪਣੇ ਵਿਸ਼ਵ ਪ੍ਰਸਿੱਧ ਖੋਜ-ਪੱਤਰ 'Can The Subaltern Speak?' ਰਾਹੀਂ ਸਪੀਵਾਕ ਨੇ ਸਬਾਲਟਰਨ ਦੀ ਖ਼ੁਦਮੁਖ਼ਤਿਆਰ ਸੁਤੰਤਰ ਅਵਾਜ਼ ਦੀ ਸੰਭਾਵਨਾ ਅਤੇ ਬੁੱਧੀਜੀਵੀਆਂ ਦੁਆਰਾ ਇਨ੍ਹਾਂ ਸਮੂਹਾਂ ਦੀ ਨੁਮਾਇੰਦਗੀ ਕਰਨ ਦੀ ਭੂਮਿਕਾ ਵਿਚਲੀ ਪਾਰਦਰਸ਼ਤਾ ਤੇ ਵੱਡੇ ਸਵਾਲੀਆ ਚਿੰਨ੍ਹ ਪੈਦਾ ਕਰ ਦਿੱਤੇ ਸਨ। ਇਥੇ ਇਹ ਨੁਕਤਾ ਧਿਆਨਦੇਣ ਯੋਗ ਹੈ ਕਿ ਸਪੀਵਾਕ ਦੀ ਸਬਾਲਟਰਨ ਦੀ ਪਰਿਭਾਸ਼ਾ ਉਤਰ-ਸੰਰਚਨਾਵਾਦ ਅਤੇ ਡੀਕੰਸਟ੍ਰਕਸ਼ਨ ਤੋਂ ਕਾਫ਼ੀ ਪ੍ਰਭਾਵਿਤ ਸੀ। ਦੋਹਾਂ ਸਕੂਲਾਂ ਨੇ ਪੱਛਮੀ ਚਿੰਤਨ ਵਿਚਲੇ ਖ਼ੁਦਮੁਖ਼ਤਿਆਰ ਏਕੀਕ੍ਰਿਤ ਆਤਮ ਦੀ ਤਿੱਖੀ ਆਲੋਚਨਾ ਕੀਤੀ

ਅਤੇ ਆਤਮ ਦੀ ਅਸਥਿਰ, ਵਿਕੇਂਦਰਤ ਤੇ ਭਿੰਨਜਾਤਿਤ ਪ੍ਰਕਿਰਤੀ 'ਤੇ ਬਲ ਦਿੱਤਾ। ਇਨ੍ਹਾਂ ਚਿੰਤਨ ਧਾਰਾਵਾਂ ਦੀ ਰੌਸ਼ਨੀ ਵਿਚ ਸਪੀਵਾਕ ਸਬਾਲਟਰਨ ਦੀ ਇਕਰੂਪਤਾਮੂਲਕ ਸਥਿਰ ਪਛਾਣ ਸਿਰਜਣ ਦੀ ਵਿਰੋਧੀ ਹੈ। ਇਹ ਭਿੰਨਜਾਤਿਤ ਅਤੇ ਅਣਘਟਾਏਯੋਗ ਹੈ। ਸਪੀਵਾਕ ਅਨੁਸਾਰ ਕੇਂਦਰਮੁਖੀ ਇਕਰੂਪਤਾ ਵਾਲੀ ਪਰਿਭਾਸ਼ਾ ਵਿਚ ਹਮੇਸ਼ਾ ਪ੍ਰੋਲੇਤਾਰੀ, ਕਿਸਾਨ, ਮਜ਼ਦੂਰ ਆਦਿ ਮਾਸਟਰ ਸ਼ਬਦਾਂ ਅਧੀਨ ਵਿਚਰਦੇ ਲੋਕਾਂ ਦੀਆਂ ਅੰਦਰੂਨੀ ਵਿਭਿੰਨਤਾਵਾਂ ਤੇ ਪਰਦਾ ਪੈਣ ਦਾ ਡਰ ਬਣਿਆ ਰਹਿੰਦਾ ਹੈ। ਬੁੱਧੀਜੀਵੀ ਇਨ੍ਹਾਂ ਸਮੂਹਾਂ ਦੇ ਅਨੁਭਵਾਂ ਨੂੰ ਸੰਕਲਪਬੱਧ ਕਰਨ ਦੀ ਥਾਂ ਹਮੇਸ਼ਾ ਆਪਣੀ ਪੂਰਵ-ਨਿਰਧਾਰਤ ਵਿਚਾਰਧਾਰਕ ਸਥਿਤੀ ਤੇ ਚੱਲਦਾ ਹੋਇਆ ਵਿਭਿੰਨਤਾਵਾਂ ਨੂੰ ਇਕਰੂਪਤਾ ਦੇਣ ਦੀ ਕੋਸ਼ਿਸ਼ ਕਰਦਾ ਹੈ। ਸਪੀਵਾਕ ਦੀ ਉਪਰੋਕਤ ਦ੍ਰਿਸ਼ਟੀ ਪ੍ਰਤੀ ਸਟੀਫਨ ਮੋਰਟਨ ਦੇ ਵਿਚਾਰ ਧਿਆਨ ਦੇਣ ਯੋਗ ਹਨ: "ਇਨ੍ਹਾਂ ਰਾਜਨੀਤਕ ਮਾਸਟਰ ਸ਼ਬਦਾਂ ਦੀ ਥਾਂ ਸਪੀਵਾਕ ਵਿਭਿੰਨ ਵਿਅਕਤੀਗਤ ਸਥਿਤੀਆਂ ਨੂੰ ਸਮੇਟਣ ਲਈ ਸਬਾਲਟਰਨ ਸ਼ਬਦ ਪ੍ਰਸਤੁਤ ਕਰਦੀ ਹੈ, ਜੋ ਪ੍ਰਮੁੱਖ ਰਾਜਨੀਤਕ ਪ੍ਰਵਚਨਾਂ ਦੁਆਰਾ ਪੂਰਵ-ਨਿਰਧਾਰਤ ਨਹੀਂ ਹੈ।"

ਆਪਣੇ ਵਿਸ਼ਵ ਪ੍ਰਸਿਧ ਖੋਜ-ਪੱਤਰ Can The Subaltern Speak? ਰਾਹੀਂ ਉਹ ਪੱਛਮੀ ਬੁੱਧੀਜੀਵੀ ਦੁਆਰਾ ਸਬਾਲਟਰਨ ਨੂੰ ਪੇਸ਼ ਕਰਨ ਦੀ ਸਮੱਸਿਆਗ੍ਰਸਤ ਸਥਿਤੀ ਨੂੰ ਸਾਹਮਣੇ ਲਿਆਉਂਦੀ ਹੈ। ਉਸ ਅਨੁਸਾਰ ਸਬਾਲਟਰਨ ਦੇ ਬੋਲਣ ਦੀ ਕੋਈ ਸ਼ੁੱਧ ਖ਼ੁਦਮੁਖ਼ਤਿਆਰ ਸਪੇਸ ਨਹੀਂ ਹੈ, ਜਿੱਥੇ ਉਹ ਆਪਣੇ ਅਨੁਭਵ ਨੂੰ ਪ੍ਰਗਟ ਕਰ ਸਕੇ। ਸਬਾਲਟਰਨ ਬਾਰੇ ਹਮੇਸ਼ਾ ਬੋਲਿਆ ਜਾ ਸਕਦਾ ਅਤੇ ਇਹ ਬੋਲ ਵੀ ਪੇਸ਼ਕਾਰੀ (Representation) ਦੀ ਵਿਚੋਲਗੀ ਤੋਂ ਬਾਹਰ ਨਹੀਂ ਹਨ। ਸਪੀਵਾਕ ਬੁੱਧੀਜੀਵੀਆਂ ਨੂੰ ਚੇਤਨ ਕਰਦੀ ਹੈ ਕਿ ਉਹ ਸਬਾਲਟਰਨ ਬਾਰੇ ਬੋਲਦੇ ਜਾਂ ਲਿਖਦੇ ਆਪਣੀ ਨੁਮਾਇੰਦਗੀ ਅਤੇ ਪੇਸ਼ਕਾਰੀ ਨੂੰ ਪਾਰਦਰਸ਼ੀ ਸਮਝਣ ਦਾ ਭਰਮ ਨਾ ਪੈਦਾ ਕਰ ਲੈਣ। ਬੁੱਧੀਜੀਵੀਆਂ ਦੀ ਪੇਸ਼ਕਾਰੀ ਪੂਰਵ-ਨਿਰਧਾਰਤ ਵਿਚਾਰਧਾਰਕ ਭੂਮਿਕਾਵਾਂ ਅਤੇ ਸੰਕਲਪਾਂ ਅਧੀਨ ਹਮੇਸ਼ਾ ਘਟਾਉਕਰਨ ਦੇ ਸੰਕਟ ਅਧੀਨ ਰਹਿੰਦੀ ਹੈ। ਸਬਾਲਟਰਨ ਦੇ ਅਨੁਭਵ ਦੀ ਭਿੰਨਜਾਤਿਤ ਪ੍ਰਕਿਰਤੀ ਨੂੰ ਕੁਲੀਨ ਬੁੱਧੀਜੀਵੀ ਇਕਰੂਪਤਾ ਦੇ ਦਿੰਦਾ ਹੈ। ਸਪੀਵਾਕ ਇਸ ਨੂੰ ਗਿਆਨ-ਸ਼ਾਸਤਰੀ ਹਿੰਸਾ (Epistemological violence) ਕਹਿੰਦੀ ਹੈ। ਇਹ ਹਿੰਸਾ ਉਲਟੇ ਰੂਪ ਵਿਚ ਸਬਾਲਟਰਨ ਦੀ ਸ਼ੋਸ਼ਣ-ਗ੍ਰਸਤ ਸਥਿਤੀ ਨੂੰ ਬਰਕਰਾਰ ਰੱਖਦੀ ਹੈ। ਸਪੀਵਾਕ ਦੀਆਂ ਲਿਖਤਾਂ ਭਾਰਤ ਵਰਗੇ ਉਤਰ ਬਸਤੀਵਾਦੀ ਸਮਾਜਾਂ ਵਿਚਲੇ ਸਮਾਜਕ, ਆਰਥਿਕ ਤੇ ਰਾਜਨੀਤਕ ਸ਼ੋਸ਼ਣ ਦਾ ਪਹਿਲੀ ਦੁਨੀਆ ਦੇ ਵਿਕਸਤ ਦੇਸ਼ਾਂ ਅਤੇ ਬਹੁ-ਰਾਸ਼ਟਰੀ ਕੰਪਨੀਆਂ ਦੇ ਭੂਗੋਲਿਕ-ਰਾਜਨੀਤਕ ਗ਼ਲਬੇ ਨਾਲ ਜਟਿਲ ਸਬੰਧਾਂ ਦੀ ਨਿਸ਼ਾਨਦੇਹੀ ਕਰਦੀਆਂ ਹਨ। ਸਪੀਵਾਕ ਦੀ ਧਾਰਨਾ ਹੈ ਕਿ ਭਾਰਤ ਵਰਗੇ ਵਿਭਿੰਨਤਾਮੂਲਕ ਦੇਸ਼ ਵਿਚ ਸ਼ੋਸ਼ਣ ਦੇ ਕੇਂਦਰ ਇਕਹਿਰੀ ਪ੍ਰਕਿਰਤੀ ਦੇ ਨਹੀਂ ਹਨ। ਉਸ ਅਨੁਸਾਰ ਅਨੁਭਵਸਿੱਧ ਪਦਨਾਮ (Empirical Designations) ਵਾਲੇ ਇਕਹਿਰੇ ਪਛਾਣ-ਮੂਲਕ ਸੰਕਲਪ ਜਿਵੇਂ ਵਰਗ, ਜਾਤ, ਲਿੰਗ ਆਦਿ ਕੁਲੀਨ ਬੁੱਧੀਜੀਵੀਆਂ ਨੂੰ ਘਟਾਉਕਰਨ ਦਾ ਸ਼ਿਕਾਰ ਬਣਾ ਸਕਦੇ ਹਨ। ਭਾਰਤ ਵਰਗੇ ਦੱਖਣੀ ਏਸ਼ੀਆਈ ਸਮਾਜਾਂ ਵਿਚ ਹਾਸ਼ੀਆਕਰਨ ਦੀ ਸਥਿਤੀ ਨੂੰ ਗਤੀਸ਼ੀਲ ਰੂਪ ਵਿਚ ਇਨ੍ਹਾਂ ਸਭ ਪਛਾਣਾਂ ਦੇ ਆਰ-ਪਾਰ ਫੈਲੇ ਹੋਏ ਦੇਖਿਆ ਜਾ ਸਕਦਾ ਹੈ। ਇਹ ਪਛਾਣਾਂ ਵੀ ਵਡੇਰੇ ਸੱਤਾ ਦੇ ਰਿਸ਼ਤਿਆਂ (Power Relations) ਹੇਠ ਲਗਾਤਾਰ ਬਦਲਦੀਆਂ ਤੇ ਪੁਨਰ-ਸਿਰਜਤ ਹੁੰਦੀਆਂ ਰਹਿੰਦੀਆਂ ਹਨ। ਇਸ ਪ੍ਰਕਾਰ ਇੱਥੇ ਪ੍ਰਸ਼ਨ 'ਕੀ' ਦਾ ਨਹੀਂ ਬਲਕਿ 'ਕਿਵੇਂ' ਦਾ ਹੈ? ਭਾਵ ਸੱਤਾ, ਅਧੀਨਗੀ ਅਤੇ ਏਜੰਸੀ (Agency) ਆਦਿ ਕਿਵੇਂ ਨਿਰਮਤ ਹੁੰਦੇ ਹਨ।

ਸਪੀਵਾਕ ਪੱਛਮੀ ਬੁੱਧੀਜੀਵੀਆਂ ਦੀ ਪੇਸ਼ਕਾਰੀ ਦੀ ਸਮੱਸਿਆ ਨੂੰ 'ਇੰਨਟਲੈਕੁਚਲ ਐਂਡ ਪਾਵਰ : ਏ ਕਨਵਰਸੇਸ਼ਨ ਬਿਟਵਿਨ ਮਿਸ਼ੈਲ ਫੂਕੋ ਐਂਡ ਗੀਲੀਸ ਡੈਲੀਊਜ਼' (Intellectuals & Power: A conversation between Michel Foucault and Gilles Deleuze) ਖੋਜ-ਪੱਤਰ ਵਿਚ ਹੋਏ ਫੂਕੋ ਤੇ ਡੈਲੀਊਜ਼ ਦੇ ਆਪਸੀ ਸੰਵਾਦ ਰਾਹੀਂ ਅਗਰਭੂਮੀ ਵਿਚ ਲਿਆਉਂਦੀ ਹੈ। ਸਪੀਵਾਕ ਅਨੁਸਾਰ ਇਨ੍ਹਾਂ ਬੁੱਧੀਜੀਵੀਆਂ ਦੀ ਸਮੱਸਿਆ ਇਹ ਹੈ ਕਿ ਸ਼ਕਤੀਹੀਣ ਸ਼ੋਸ਼ਤ ਸਮੂਹਾਂ ਸਬੰਧੀ ਬੋਲਦੇ ਆਪਣੀ ਸਥਿਤੀ ਨੂੰ ਪਾਰਦਰਸ਼ੀ ਸਮਝਣ ਲੱਗ ਪੈਂਦੇ ਹਨ। ਉਸ ਅਨੁਸਾਰ ਇਹ ਬੁੱਧੀਜੀਵੀ ਇਕ ਪਾਸੇ ਤਾਂ ਆਪਣੀ ਸਾਰੀ ਬੌਧਿਕ ਸ਼ਕਤੀ ਰਾਹੀਂ ਪ੍ਰਵਚਨ ਤੇ ਪੇਸ਼ਕਾਰੀ ਦੁਆਰਾ ਆਤਮ (Subject) ਦੀ ਘਾੜ੍ਹਤ ਦੀ ਰਾਜਨੀਤੀ ਨੂੰ ਬੇਪਰਦ ਕਰਨ 'ਤੇ ਜ਼ੋਰ ਲਾ ਦਿੰਦੇ ਹਨ। ਪਰ ਜਦੋਂ ਉਹ ਠੋਸ ਸਮਾਜਕ ਤੇ ਰਾਜਨੀਤਕ ਅੰਦੋਲਨਾਂ ਵਿਚ ਆਤਮ ਦੀ ਕਾਰਵਾਈ ਦੀ ਗੱਲ ਕਰਦੇ ਹਨ ਤਾਂ ਉਹ ਦੁਬਾਰਾ ਨਿਰੂਪਣ/ਨੁਮਾਇੰਦਗੀ/ਪੇਸ਼ਕਾਰੀ ਦੇ ਪਾਰਦਰਸ਼ੀ ਮਾਡਲ ਵਿਚ ਫਸ ਜਾਂਦੇ ਹਨ। ਜਿਸ ਅਧੀਨ ਸ਼ੋਸ਼ਤ ਆਤਮ ਨੂੰ ਸ਼ੁੱਧ ਰੂਪ ਵਿਚ ਖ਼ੁਦਮੁਖ਼ਤਿਆਰ ਤੌਰ 'ਤੇ ਆਪਣੀਆਂ


ISSN : 2395-1273

ਸ਼ੋਸ਼ਣ ਲਈ ਜ਼ਿੰਮੇਵਾਰ ਸਥਿਤੀਆਂ ਨੂੰ ਸਮਝਦੇ, ਬੋਲਦੇ ਅਤੇ ਪ੍ਰਤਿਰੋਧ ਵਜੋਂ ਕਾਰਵਾਈ ਕਰਦੇ ਪੇਸ਼ ਕੀਤਾ ਜਾਂਦਾ ਹੈ।

ਸਪੀਵਾਕ ਆਪਣੇ ਖੋਜ-ਪੱਤਰ ਦੇ ਸਿਰਲੇਖ ਤੋਂ ਹੀ ਸ਼ੰਕਾਲੂ ਪ੍ਰਸ਼ਨਮੂਲਕ ਬਿਰਤੀ ਨਾਲ ਮੂਲ ਸਮੱਸਿਆਕਾਰ ਦਾ ਉਦਘਾਟਨ ਕਰਦੀ ਹੈ। ਸਮੱਸਿਆਕਾਰ ਇਹ ਹੈ ਕਿ ਯੂਰਪੀ ਗਿਆਨ ਪ੍ਰਵਚਨਾਂ ਅੰਦਰ 'ਦੂਜੇ' ਵਜੋਂ ਤੀਜੀ ਦੁਨੀਆ ਦੇ ਸਬਾਲਟਰਨ ਦੀ ਘਾੜ੍ਹਤ ਤੇ ਪੇਸ਼ਕਾਰੀ ਦੀ ਰਮਜ਼ ਕੀ ਹੈ ਤੇ ਇਹ ਕਿਵੇਂ ਬਸਤੀਵਾਦੀ ਸਾਮਰਾਜਵਾਦ ਤੇ ਉਸਤੋਂ ਬਾਅਦ ਅਮਰੀਕੀ ਚੌਧਰ ਵਾਲੇ ਸਾਮਰਾਜਵਾਦੀ ਪ੍ਰਵਚਨ ਨੂੰ ਅਟੱਲ ਤੇ ਨਿਆਸ਼ੀਲ ਸਿੱਧ ਕਰਦੀ ਹੈ? ਇਸ ਰਮਜ਼ ਦੀ ਘੁੰਡੀ ਨੂੰ ਸਪੀਵਾਕ ਅਕਾਦਮਿਕ ਖੇਤਰ ਵਿਚ ਪ੍ਰਚੱਲਿਤ ਉਹਨਾਂ ਦੋ ਚਿੰਤਕਾਂ ਰਾਹੀਂ ਖੰਘਾਲਣ ਦੀ ਕੋਸ਼ਿਸ਼ ਕਰਦੀ ਹੈ, ਜੋ ਆਪਣੇ ਚਿੰਤਨ ਅੰਦਰ ਸ਼ਕਤੀ ਦੇ ਮਹੀਨ ਮੱਕੜਜਾਲ, ਆਤਮ ਦੇ ਵਿਖੰਡਨ ਤੇ ਵਿਕੇਂਦਰੀਕਰਨ ਸਥਾਪਿਤ ਕਰਨ ਵਾਲੇ ਚਿੰਤਕਾਂ ਵਜੋਂ ਅਕਾਦਮਿਕ ਹਲਕਿਆਂ ਵਿਚ ਪ੍ਰਵਾਨਿਤ ਹਨ। ਪਰ ਇਹ ਦੋਵੇਂ ਚਿੰਤਕ ਸਬਾਲਟਰਨ ਸਬੰਧੀ ਆਪਸੀ ਗੱਲਬਾਤ ਕਰਦੇ ਵਿਰੋਧਾਭਾਸੀ ਰੂਪ ਵਿਚ ਪੱਛਮੀ ਆਤਮ ਦੀ ਮੁੜ ਦਖ਼ਲ-ਅੰਦਾਜ਼ੀ ਕਰਾਉਂਦੇ ਹਨ। ਇਹ ਦਾਖ਼ਲਾ ਪੱਛਮੀ ਵਿਕਸਿਤ ਪੂੰਜੀਵਾਦੀ ਦੇਸ਼ਾਂ ਦੇ ਸਬਾਲਟਰਨ ਦੀ ਸਥਿਤੀ, ਘੋਲਾਂ, ਜਮਾਤੀ ਚੇਤਨਾਂ ਤੇ ਨੁਮਾਇੰਦਗੀ ਸਬੰਧੀ ਸਿਰਜੀਆਂ ਧਾਰਨਾਵਾਂ ਨੂੰ ਆਲਮੀ ਧਾਰਨਾਵਾਂ ਵਜੋਂ ਪੇਸ਼ ਕਰਨ ਦੇ ਤੌਰ ’ਤੇ ਹੁੰਦਾ ਹੈ। ਇਹ ਧਾਰਨਾਵਾਂ ਆਲਮੀ ਕਿਰਤ ਦੀ ਵੰਡ, ਵਿਚਾਰਧਾਰਾ, ਹਿੱਤ ਬਨਾਮ ਲੋਚਾ ਦੇ ਆਪਸੀ ਸਬੰਧਾਂ ਨੂੰ ਦਰਕਿਨਾਰ ਕਰਕੇ ਉਸਰਦੀਆਂ ਹਨ। ਇਸ ਚਰਚਾ ਵਿਚ ਫੂਕੋ ਤੇ ਡੈਲੀਊਜ਼ ਫਰਾਂਸ ਵਿਚ ਜੇਲਾਂ ਵਿਚਲੇ ਕੈਦੀਆਂ ਤੇ ਕਾਮਿਆਂ ਦੇ ਘੋਲਾਂ ਸਬੰਧੀ ਵਿਚਾਰ ਕਰਦੇ ਸਿਧਾਂਤਕ ਨੁੰਮਾਇੰਦਗੀ ਦੇ ਸਵਾਲ ਤੇ ਮਹੱਤਤਾ ਨੂੰ ਅੱਖੋਂ ਪਰੋਖੇ ਕਰਦੇ ਹਨ। ਡੈਲੀਊਜ਼ ਅਨੁਸਾਰ ਸਿਧਾਂਤ

> “ਔਜ਼ਾਰਾਂ ਦੇ ਇਕ ਡੱਬੇ ਵਾਂਗ ਹੁੰਦਾ ਹੈ। ਇਸ ਦਾ ਚਿਹਨਕ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਹ ਕੰਮ ਆਉਣਾ ਚਾਹੀਦਾ ਹੈ। ਇਸ ਦਾ ਕੰਮ ਕਰਨਾ ਚਾਹੀਦਾ ਹੈ ਅਤੇ ਇਹ ਕੇਵਲ ਆਪਣੇ ਲਈ ਨਹੀਂ ਹੈ।”

ਇਸ ਪ੍ਰਕਾਰ ਹੀ ਦੋਵੇਂ ਚਿੰਤਕ ਸਿਧਾਂਤ ਨੂੰ ਇਕ ਅਮਲ ਤੋਂ ਦੂਜੇ ਅਮਲ ਤਕ ਕੇਵਲ ਦੂਤ ਵਜੋਂ ਪੇਸ਼ ਕਰਦੇ ਹਨ। ਉਹਨਾਂ ਅਨੁਸਾਰ ਜੇਲਾਂ, ਬੈਰਕਾਂ ਵਿਚ ਕੈਦੀ ਤੇ ਘੋਲਾਂ ਵਿਚਲੇ ਕਾਮੇ ਆਪਣੀ ਸਥਿਤੀ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਤੇ ਉਹ ਆਪਣੀਆਂ ਹੱਕੀ ਮੰਗਾਂ ਬਾਰੇ ਬਿਨਾਂ ਕਿਸੇ ਵਿਚੋਲਗੀ ਤੋਂ ਆਪ ਬੋਲ ਸਕਦੇ ਹਨ। ਉਹਨਾਂ ਨੇ ਕਿਰਤੀ ਘੋਲਾਂ ਨੂੰ ਸਿੱਧੇ ਤੌਰ ’ਤੇ ਸ਼ਕਤੀ ਦੇ ਸਹਿਜ ਰੂਪ ਵਿਚ ਸਾਂਝੇ ਹਿੱਤਾਂ ਦੇ ਪ੍ਰਗਟਾਵੇ ਵਜੋਂ ਪੇਸ਼ ਕੀਤਾ ਹੈ। ਪਰ ਸਪੀਵਾਕ ਅਨੁਸਾਰ ਦੋਵੇਂ ਚਿੰਤਕ ਲੋਚਾ ਤੇ ਹਿੱਤ ਵਿਚਕਾਰ ਨਿਖੇੜਾ ਨਹੀਂ ਕਰਦੇ ਅਤੇ ਦੋਵੇਂ ਚਿੰਤਕ ਇਹ ਧਾਰਨਾ ਦਿੰਦੇ ਹਨ ਕਿ

> “ਅਸੀਂ ਕਦੇ ਵੀ ਆਪਣੇ ਹਿੱਤਾਂ ਵਿਰੁੱਧ ਨਹੀਂ ਲੋਚਦੇ, ਕਿਉਂਕਿ ਲੋਚਾ ਨੇ ਜਿਥੇ ਆਪਣੇ ਆਪ ਨੂੰ ਸਥਾਪਿਤ ਕੀਤਾ ਹੈ, ਹਿੱਤ ਉਸ ਥਾਂ ਨੂੰ ਭਾਲ ਕੇ ਉਸਦੇ ਪਿਛਲੱਗੂ ਹੋ ਕੇ ਚੱਲਦੇ ਹਨ।”

ਇਸ ਕਰਕੇ ਹੀ ਇਨ੍ਹਾਂ ਧਾਰਨਾਵਾਂ ਦੀ ਆਲਮੀ ਕਿਰਤ ਦੀ ਵੰਡ ਹੇਠ ਤੀਜੀ ਦੁਨੀਆਂ ਦੇ ਹਿੱਸੇ ਵਿਚ ਸਾਰਥਕਤਾ ਤੇ ਸਪੀਵਾਕ ਸਵਾਲ ਖੜੇ ਕਰਦੀ ਹੈ। ਉਸ ਅਨੁਸਾਰ ਇਹ ਦੋਵੇਂ ਚਿੰਤਕ ਆਪਣੇ ਵਿਸ਼ਲੇਸ਼ਣ ਵਿਚ ਲੋਚਾ/ਕਾਮਨਾ ਨੂੰ ਪਹਿਲ ਦੇ ਕੇ ਹਿੱਤਾਂ ਤੇ ਵਿਚਾਰਧਾਰਾ ਨੂੰ ਤਿਲਾਂਜਲ਼ੀ ਦਿੰਦੇ ਹਨ ਤੇ ਇਸ ਤਰ੍ਹਾਂ ਅਵੰਡ ਪੱਛਮੀ ਆਤਮ ਦੀ ਮੁੜ ਸਿਰਜਣਾ ਕਰਦੇ ਤੀਜੀ ਦੁਨੀਆ ਦੀਆਂ ਠੋਸ ਹਕੀਕਤਾਂ ਤੋਂ ਅੱਖਾਂ ਮੁੰਦ ਲੈਂਦੇ ਹਨ। ਹਕੀਕਤ ਇਹ ਹੈ ਕਿ ਆਲਮੀ ਕਿਰਤ ਵੰਡ ਹੇਠ ਪਹਿਲੀ ਦੁਨੀਆ ਦੇ ਕਾਮਿਆਂ ਨਾਲੋਂ ਤੀਜੀ ਦੁਨੀਆ ਦੇ ਕਾਮਿਆਂ ਦੀ ਸਥਿਤੀ ਭਿੰਨ ਹੈ। ਦੂਜਾ, ਜੇਕਰ ਇਨ੍ਹਾਂ ਚਿੰਤਕਾਂ ਦੇ ਨਜ਼ਰੀਏ ਅਨੁਸਾਰ ਕਿਰਤੀਆਂ ਦੀ ਲੋਚਾ ਸੁਭਾਵਕ ਤੌਰ ’ਤੇ ਉਨ੍ਹਾਂ ਦੇ ਹਿੱਤਾਂ ਦਾ ਪ੍ਰਗਟਾ ਹੈ ਤਾਂ ਇਹ ਕਿਵੇਂ ਮੰਨ ਲਿਆ ਜਾਵੇ ਕਿ ਵਿਸ਼ਵ ਦੇ ਸਾਰੇ ਕਿਰਤੀਆਂ ਦੀ ਲੋਚਾ/ਕਾਮਨਾ ਇਕ ਹੈ। ਇਸ ਪ੍ਰਕਾਰ ਇਹ ਦੋਵੇਂ ਚਿੰਤਕ ਪੱਛਮੀ ਗਿਆਨਾਤਮਕ ਪ੍ਰਵਚਨਾਂ ਅੰਦਰ 'ਦੂਜੇ' ਵਜੋਂ ਬਸਤੀਵਾਦੀ ਆਤਮ ਦੀ ਘਾੜ੍ਹਤ ਹੇਠ ਕੀਤੀ ਗਈ 'ਇਪਿਸਟੀਮਿਕ ਹਿੰਸਾਂ' ਨੂੰ ਨਜ਼ਰ-ਅੰਦਾਜ਼ ਕਰ ਜਾਂਦੇ ਹਨ। ਇਥੇ ਹੀ ਉਤਰ ਬਸਤੀਵਾਦੀ ਬੁੱਧੀਜੀਵੀ ਦੀ ਸਾਰਥਕ ਭੂਮਿਕਾ ਨਿਸ਼ਚਿਤ ਹੁੰਦੀ ਹੈ, ਕਿਉਂਕਿ ਉਸ ਨੇ ਬਸਤੀਵਾਦੀ ਸਾਮਰਾਜਵਾਦ ਦੁਆਰਾ ਸਿਧਾਂਤਕ ਤੇ ਗਿਆਨਾਤਮਕ ਪੈਦਾਵਾਰ ਪਿਛਲੀਆਂ ਗੁੰਝਲਾਂ ਨੂੰ ਖੋਲਣਾ ਹੈ। ਇਸ ਰਮਜ਼ ਜਾਂ ਗੁੰਝਲ ਨੂੰ ਖੋਲਣ ਲਈ ਹੀ ਸਪੀਵਾਕ ਕਾਰਲ ਮਾਰਕਸ ਦੀ ਲਿਖਤ 'ਦੀ ਏਟੀਨ ਬਰੂਮਾਇਰ ਆਫ਼ ਲੂਈਸ ਬੋਨਾਪਾਰਟ' (The Eighteenth Brumaire of Louis Bonaparte) ਵਿਚੋਂ ਉਦਾਹਰਣ ਦਿੰਦੀ ਹੈ। ਇਸ ਵਿਚ ਮਾਰਕਸ ਛੋਟੀ ਕਿਸਾਨੀ ਦੀ ਗੱਲ ਕਰਦਾ ਹੈ, ਜੋ ਆਪਣੀ ਵਿਸ਼ੇਸ਼ ਸਮਾਜਕ-ਆਰਥਿਕ

ਸਥਿਤੀ ਕਰਕੇ ਇਕ ਸੰਗਠਿਤ ਜਮਾਤੀ ਚੇਤਨਾ ਦਾ ਪ੍ਰਗਟਾਵਾ ਕਰਨ ਤੋਂ ਅਸਮਰੱਥ ਹੈ। ਇਸ ਸਮੂਹਿਕ ਜਮਾਤੀ ਚੇਤਨਾ ਦੀ ਅਣਹੋਂਦ ਕਾਰਨ ਮੱਧ ਵਰਗ ਪ੍ਰਤੀਕਾਤਮਕ ਤੌਰ 'ਤੇ ਉਸਦੀ ਰਾਜਨੀਤਕ ਪ੍ਰਤੀਨਿਧਤਾ ਕਰਦਾ ਹੈ। ਮਾਰਕਸ ਅਨੁਸਾਰ ਇਸ ਪ੍ਰਤੀਨਿਧਤਾ ਦੇ ਦੋਹਰੇ ਅਰਥ ਹਨ, ਜੋ ਇਸ ਪ੍ਰਕਾਰ ਹਨ :

| **Darstellen** | **Vertreten** |
|---|---|
| ਇਹ ਵਾਸਤਵਿਕਤਾ ਦੀ ਪੁਨਰ-ਪੇਸ਼ਕਾਰੀ ਦੇ ਰੂਪ ਵਿਚ ਵਿਚ ਆਪਣੀ ਹੋਂਦ ਰੱਖਦੀ ਹੈ। | ਇਹ ਰਾਜਨੀਤਕ ਪ੍ਰਤੀਨਿਧਤਾ ਦੇ ਰੂਪ ਵਿਚ ਇਸ ਪੁਨਰ-ਪੇਸ਼ਕਾਰੀ ਦੀ ਹੋਂਦ ਨੂੰ ਛਪਾਉਂਦੀ ਹੈ। |
| (ਸੁਹਜਾਤਮਕ ਪ੍ਰਤੀਨਿਧਤਾ ਜਾਂ ਪੇਸ਼ਕਾਰੀ) | (ਰਾਜਨੀਤਕ ਪ੍ਰਤੀਨਿਧਤਾ ਜਾਂ ਪੇਸ਼ਕਾਰੀ) |
| (Re-presentation) | (Representation) |

ਸਪੀਵਾਕ ਕਾਰਲ ਮਾਰਕਸ ਦੀ ਉਪਰੋਕਤ ਲਿਖਤ ਵਿਚ 'ਵਰਗ ਆਪਣੇ ਆਪ ਵਿਚ' ਤੋਂ 'ਵਰਗ ਆਪਣੇ ਲਈ ਜਾਂ ਵਰਗ ਚੇਤਨਾ' ਤਕ ਦੇ ਜਟਿਲ ਰਿਸ਼ਤੇ ਨੂੰ ਨਿਕਟ ਵਿਸ਼ਲੇਸ਼ਣ ਰਾਹੀਂ ਸਮਝਣ ਦੀ ਕੋਸ਼ਿਸ਼ ਕਰਦੀ ਹੈ। ਉਸ ਅਨੁਸਾਰ ਮਾਰਕਸ ਫਰਾਂਸੀਸੀ ਕਿਸਾਨੀ ਦੇ ਸੁਸੰਗਠ ਵਰਗ ਚੇਤਨਾ ਜਾਂ ਆਪਣੇ ਲਈ ਵਰਗ ਨਾ ਬਣ ਪਾਉਣ ਕਰਕੇ ਦੂਜੇ ਦੁਆਰਾ ਉਸਦੀ ਪ੍ਰਤੀਨਿਧਤਾ ਕਰਨ ਨੂੰ ਉਭਾਰਦਾ ਹੈ। ਸਪੀਵਾਕ ਅਨੁਸਾਰ ਮਾਰਕਸ ਲਈ 'ਵਰਗ' ਇਕ ਨਿਖੇੜੂ ਸੰਕਲਪ ਹੈ ਤੇ ਵਰਗ ਚੇਤਨਾ ਦਾ ਇਸ ਨਾਲ ਸਿੱਧਾ ਸਬੰਧ ਨਹੀਂ ਹੈ। ਬਲਕਿ ਮਾਰਕਸ ਲਈ ਇਸ ਵਰਗ ਚੇਤਨਾ ਵੱਲ ਵਧਣ ਦਾ ਮਸਲਾ 'ਖੰਡਿਤ ਆਤਮ' ਨਾਲ ਸਬੰਧਿਤ ਹੈ। ਇਸ ਲਈ ਖੰਡਿਤ ਆਤਮ ਦੀ ਸਮੂਹਿਕ ਵਰਗ ਚੇਤਨਾ ਮਨਸੂਈ ਢੰਗ ਨਾਲ ਬਾਹਰੀ ਅਵਿਅਕਤੀਤਵ ਇਤਿਹਾਸਕ ਤਾਕਤਾਂ ਤੇ ਨਿਰਭਰ ਹੈ। ਇਹ ਬਾਹਰੀ ਇਤਿਹਾਸਕ ਤਾਕਤਾਂ ਅੱਗੋਂ ਆਲਮੀ ਪੱਧਰ ’ਤੇ ਇਕਰੂਪੀ ਹੋਣ ਦੀ ਥਾਂ ਭਿੰਨਜਾਤਿਤ ਹਨ। ਮਾਰਕਸ ਦੀ ਲਿਖਤ ਵਿਚ ਖੰਡਿਤ ਆਤਮ ਦੇ ਨੁਕਤੇ ਨੂੰ ਸਪੀਵਾਕ ਇਸ ਤਰ੍ਹਾਂ ਪੇਸ਼ ਕਰਦੀ ਹੈ,

> "ਮੇਰਾ ਨੁਕਤਾ ਇਹ ਹੈ ਕਿ ਮਾਰਕਸ ਅਜਿਹੇ ਏਕੀਕ੍ਰਿਤ ਆਤਮ ਨੂੰ ਨਹੀਂ ਉਸਾਰ ਰਿਹਾ ਸੀ, ਜਿਥੇ ਲੋਚਾ ਤੇ ਹਿੱਤ ਇਕੋ ਸਿੱਕੇ ਦੇ ਦੋ ਪਾਸੇ ਹੋਣ। ਜਮਾਤੀ ਚੇਤਨਾ ਇਸ ਉਦੇਸ਼ ਵੱਲ ਸੇਧਿਤ ਨਹੀਂ ਹੈ। ਆਰਥਿਕ (ਪੂੰਜੀਪਤੀ) ਅਤੇ ਰਾਜਨੀਤਕ (ਆਲਮੀ-ਇਤਿਹਾਸਕ ਕਰਤਾ) ਦੋਹਾਂ ਖੇਤਰਾਂ ਵਿਚ, ਮਾਰਕਸ ਖੰਡਿਤ ਅਤੇ ਵੰਡੇ ਆਤਮ ਦਾ ਮਾਡਲ ਸਿਰਜਣ ਲਈ ਵਚਨਬੱਧ ਹੈ, ਜਿਸ ਦੇ ਹਿੱਸੇ ਆਪਸ ਵਿਚ ਨਿਰੰਤਰਤਾ ਜਾਂ ਸੰਗਠਨ ਵਿਚ ਨਹੀਂ ਬੱਝੇ ਹੋਏ ਹਨ।”

ਸਪੀਵਾਕ ਦੀ ਮਾਰਕਸ ਸਬੰਧੀ ਉਪਰੋਕਤ ਟਿੱਪਣੀ ਸਬਾਲਟਰਨ ਲਈ ਪ੍ਰਤੀਨਿਧਤਾ ਦੇ ਸਵਾਲ ਨੂੰ ਮਹੱਤਵਪੂਰਨ ਬਣਾ ਦਿੰਦੀ ਹੈ। ਉਸ ਅਨੁਸਾਰ ਖੰਡਿਤ ਆਤਮ ਦੇ ਸਮੂਹਿਕ ਤਾਕਤ ਬਣਨ ਤਕ ਦੀ ਚੇਤਨਾ ਦੇ ਰਸਤੇ ਵਿਚ ਵਿਚਾਰਧਾਰਾ ਤੇ ਕਿਰਤ ਦੀ ਆਲਮੀ ਵੰਡ ਖਲੋਤੇ ਹੋਏ ਹਨ। ਇਸ ਖੰਡਿਤ ਆਤਮ ਤੇ ਚੇਤਨ ਸਮੂਹਿਕ ਇਤਿਹਾਸਕ ਕਰਤੇ ਦੇ ਯੂਟੋਪੀਏ ਵਿਚਕਾਰਲੀ ਖਾਲੀ ਥਾਂ ਅੰਦਰ ਦੋਵੇਂ ਪ੍ਰਕਾਰ ਦੀਆਂ ਪੇਸ਼ਕਾਰੀਆਂ ਜਾਂ ਪ੍ਰਤੀਨਿਧਤਾਵਾਂ ਨੂੰ ਘੋਖਣ ਦਾ ਸਵਾਲ ਬੁੱਧੀਜੀਵੀ ਲਈ ਅੱਖੇਂ-ਪਰੋਖੇ ਕਰਨ ਵਾਲਾ ਨਹੀਂ ਹੈ ਕਿਉਂਕਿ ਸਪੀਵਾਕ ਅਨੁਸਾਰ ਬੁੱਧੀਜੀਵੀ ਨੂੰ ਇਸ ਸਵਾਲ ਪ੍ਰਤੀ ਚੇਤਨ ਰਹਿਣਾ ਜ਼ਰੂਰੀ ਹੈ ਕਿ ਲਿਖਤ ਦੇ ਰੂਪ ਵਿਚ ਵਿਸ਼ਵ ਦੀ ਪੇਸ਼ਕਾਰੀ (ਡਾਰਸਟੇਲਨ) ਕਿਵੇਂ ਨਾਇਕਾਂ ਤੇ ਰਾਜਨੀਤਕ ਰੂਪ ਵਿਚ ਅਗਵਾਈ ਦੇਣ ਵਾਲੇ ਆਗੂਆਂ (ਵੈਰਟਰੀਟੇਨ) ਦੀ ਚੋਣ ਅਤੇ ਜ਼ਰੂਰਤ ਨੂੰ ਛਲਦੀ ਤੇ ਵਰਗਲਾਉਂਦੀ ਹੈ।

ਸਪੀਵਾਕ ਅਨੁਸਾਰ ਫੂਕੋ ਅਤੇ ਡੈਲੀਊਜ਼ ਦੇ ਸੰਵਾਦ ਵਿਚ ਇਨ੍ਹਾਂ ਦੋਹਾਂ ਪ੍ਰਤੀਨਿਧਤਾਵਾਂ ਦਾ ਅਣ-ਉੱਚਿਤ ਸੁਮੇਲ ਕਰ ਦਿੱਤਾ ਗਿਆ ਹੈ। ਸ਼ਕਤੀਹੀਣ ਸ਼ੋਸ਼ਤ ਨੂੰ ਇਕ ਸੁਸੰਗਠ ਏਕਤਾਬੱਧ ਰਾਜਨੀਤਕ ਆਤਮ (Subject) ਵਜੋਂ ਪੇਸ਼ ਕਰਨ ਦੀ ਪ੍ਰਕਿਰਿਆ ਵਿਚ ਸੁਹਜਾਤਮਕ ਪੇਸ਼ਕਾਰੀ ਨੂੰ ਰਾਜਨੀਤਕ ਪੇਸ਼ਕਾਰੀ ਦੇ ਅਧੀਨ ਕਰ ਦਿੱਤਾ ਗਿਆ ਹੈ। ਕਿਉਂਕਿ ਰਾਜਨੀਤਕ ਪੇਸ਼ਕਾਰੀ ਪੁਨਰ-ਪੇਸ਼ਕਾਰੀ ਨੂੰ ਛਪਾਉਂਦੀ ਹੋਈ ਪਾਰਦਰਸ਼ਤਾ ਦਾ ਭਰਮ ਸਿਰਜਦੀ ਹੈ, ਇਸ ਕਰਕੇ ਜਦੋਂ ਸੁਹਜਾਤਮਕ ਪੇਸ਼ਕਾਰੀ ਨੂੰ ਇਸ ਦੇ ਅਧੀਨ ਕਰ ਦਿੱਤਾ ਜਾਂਦਾ ਹੈ ਤਾਂ ਇਹ ਵੀ ਆਪਣੀ ਪ੍ਰਤੀਨਿਧਤਾ/ਪੇਸ਼ਕਾਰੀ ਨੂੰ ਪਾਰਦਰਸ਼ੀ ਸਮਝਣ ਦਾ ਭਰਮ ਸਿਰਜ ਦਿੰਦੀ ਹੈ। ਬੁੱਧੀਜੀਵੀ ਇਸ ਪਾਰਦਰਸ਼ਤਾ ਦੇ ਪ੍ਰਭਾਵ ਹੇਠ ਵਿਸ਼ਵ ਵਿਚ ਆਪਣੀ ਵਿਸ਼ੇਸ਼ ਅਕਾਦਮਿਕ, ਭੂਗੋਲਿਕ ਤੇ ਰਾਜਨੀਤਕ ਸਥਿਤੀ ਨੂੰ ਨਜ਼ਰ-ਅੰਦਾਜ਼ ਕਰ ਦਿੰਦੇ ਹਨ।

ਇਸ ਤਰ੍ਹਾਂ ਸਪੀਵਾਕ ਦੋ ਪ੍ਰਕਾਰ ਦੀਆਂ ਪ੍ਰਤੀਨਿੱਧਤਾਵਾਂ ਵਿਚਲੇ ਨਿਖੇੜੇ ਰਾਹੀਂ ਗਿਆਨ ਦੀ ਪੈਦਾਵਾਰ ਦੇ ਪੱਧਰ ’ਤੇ ਕਾਰਜਸ਼ੀਲ 'ਇਪਿਸਟਮਿਕ ਹਿੰਸਾ' ਦੇ ਅੰਦਰੂਨੀ ਤਰੀਕਾਕਾਰ ਨੂੰ ਨਸ਼ਰ ਕਰਦੀ ਹੈ, ਜੋ ਬਸਤੀਵਾਦੀ ਸਾਮਰਾਜਵਾਦ ਦੇ ਗ਼ਲਬੇ ਲਈ ਇਕਹਿਰਾ ਇਕਰੂਪੀ ਪੂਰਬ ਜਾਂ ਤੀਜੀ ਦੁਨੀਆਂ ਦੇ ਆਤਮ ਦੀ ਘਾੜ੍ਹਤ ਕਰਦਾ


www.sanvad.org
ISSN : 2395-1273

ਹੈ। ਇਨ੍ਹਾਂ ਗੁਲਾਮ ਕੌਮਾਂ ਤੇ ਇਥੋਂ ਦੇ ਬਸ਼ਿੰਦਿਆਂ ਦੀ ਪਛਾਣ ਨੂੰ ਬਸਤੀਵਾਦੀ ਹਾਕਮ ਗਿਆਨ ਦੇ ਵੰਨ-ਸੁਵੰਨੇ ਅਨੁਸ਼ਾਸਨਾਂ ਰਾਹੀਂ ਘੜ੍ਹਦਾ ਹੈ ਤੇ ਇਹ ਗਿਆਨ ਦੇ ਮਿਸਲਖਾਨੇ ਆਉਣ ਵਾਲੇ ਪੱਛਮੀ ਬੁੱਧੀਜੀਵੀਆਂ ਦੇ ਨਾਲ-ਨਾਲ ਤੀਜੀ ਦੁਨੀਆਂ ਦੇ ਬੌਧਿਕ ਹਲਕਿਆਂ ਲਈ ਹਵਾਲਾ ਸਰੋਤ ਬਣ ਜਾਂਦੇ ਹਨ। ਅਜਿਹੇ ਗਿਆਨਤਾਮਕ ਚੱਕਰਵਿਊ ਕਰਕੇ ਹੀ ਸਪੀਵਾਕ ਅਨੁਸਾਰ ਪੱਛਮ ਦੇ ਸਬਾਲਟਰਨ ਦੀ ਤਰ੍ਹਾਂ 'ਅੰਤਰ ਰਾਸ਼ਟਰੀ ਕਿਰਤ ਦੀ ਵੰਡ' ਦੇ ਦੂਜੇ ਪਾਸੇ ਤੀਜੀ ਦੁਨੀਆਂ ਦਾ ਸਬਾਲਟਰਨ ਸਿੱਧੇ ਤੌਰ 'ਤੇ ਬੋਲ ਨਹੀਂ ਸਕਦਾ।

ਪਰ ਸਪੀਵਾਕ ਅਨੁਸਾਰ ਇਸ ਸਥਿਤੀ ਵਿਚ ਉਤਰ-ਬਸਤੀਵਾਦੀ ਦੁਨੀਆ ਦੇ ਜੈਵਿਕ ਬੁੱਧੀਜੀਵੀਆਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਦੋਹਾਂ ਪ੍ਰਤੀਨਿੱਧਤਾਵਾਂ ਅੰਦਰ ਗਤੀਮਾਨ ਗਿਆਨਕਾਰੀ ਦੀ ਹਿੰਸਾ ਤੇ ਇਸ ਰਾਹੀਂ ਪੱਛਮ ਲਈ ਘੜੇ ਇਕਰੂਪੀ 'ਦੂਜੇ' ਦੇ ਆਲਮੀ ਕਿਰਤ ਦੀ ਵੰਡ ਤੇ ਵਿਚਾਰਧਾਰਾ ਨਾਲ ਸੂਖਮ ਸਬੰਧਾਂ ਦੀ ਸਮੀਖਿਆ ਪੇਸ਼ ਕਰਨ। ਇਸ ਸਮੀਖਿਆ ਵਿਚੋਂ ਹੀ ਸਬਾਲਟਰਨ ਦੀ ਪ੍ਰਤੀਨਿੱਧਤਾ ਜਾਂ ਪੇਸ਼ਕਾਰੀ ਲਈ ਇਕ ਨਵੀਂ ਪੈਡਾਗੋਜੀ ਜਾਂ ਸਿੱਖਿਆ ਸ਼ਾਸ਼ਤਰ ਦਾ ਨਿਰਮਾਣ ਕਰਨਾ ਜੈਵਿਕ ਬੁੱਧੀਜੀਵੀ ਦਾ ਪ੍ਰਮੁੱਖ ਅਮਲ ਹੈ। ਸਪੀਵਾਕ ਅਨੁਸਾਰ ਵਿਕਸਿਤ ਪੱਛਮੀ ਮੁਲਕਾਂ ਦੇ ਦੂਜੇ ਪਾਸੇ ਦੀ ਦੁਨੀਆਂ ਵਿਚ "ਇਥੇ ਆਪਣੀ ਲੋੜ ਜੋਗਾ ਪੈਦਾ ਕਰਨ ਵਾਲੇ ਕਿਸਾਨ, ਅਸੰਗਠਿਤ ਖੇਤ ਮਜ਼ਦੂਰ, ਆਦਿਵਾਸੀ ਅਤੇ ਸ਼ਹਿਰਾਂ ਤੇ ਪਿੰਡਾਂ ਵਿਚਲੇ ਬੇਰੁਜ਼ਗਾਰ ਕਿਰਤੀ ਹਨ। ਇਨ੍ਹਾਂ ਨਾਲ ਦੋ-ਚਾਰ ਹੋਣ ਦਾ ਮਤਬਲ ਵਰਟਰੀਟਨ ਰੂਪ ਵਿਚ ਪੇਸ਼ਕਾਰੀ/ਪ੍ਰਤੀਨਿੱਧਤਾ ਦੇਣਾ ਨਹੀਂ, ਬਲਕਿ ਇਨ੍ਹਾਂ ਤੋਂ ਆਪਣੇ ਲਈ ਪ੍ਰਤੀਨਿੱਧਤਾ ਜਾਂ ਪੇਸ਼ਕਾਰੀ ਦਾ ਢੰਗ (ਡਾਰਸਟੈਲਨ) ਸਿੱਖਣਾ ਹੈ। ਇਹ ਵਿਚਾਰ ਮੁੱਢਲੇ ਸਿੱਖਿਆ ਸ਼ਾਸ਼ਤਰ ਅਤੇ ਗਿਆਨ ਅਨੁਸ਼ਾਸਨ ਦੀ ਬਣਤਰ ਵਿਚਲੇ ਸਬੰਧਾਂ ਅਤੇ ਮਾਨਵ-ਸ਼ਾਸਤਰੀ ਅਨੁਸ਼ਾਸਨ ਦੀ ਤਨਕੀਦ ਵੱਲ ਲੈ ਜਾਵੇਗਾ।" ਇਸ ਤਰ੍ਹਾਂ ਗਿਆਨ ਗ੍ਰਹਿਣ ਕਰਨ ਦਾ ਨਵਾਂ ਸਿੱਖਿਆ ਸ਼ਸਤਰ ਪਰੋਖ ਰੂਪ ਵਿਚ ਸ਼ੋਸ਼ਿਤ ਆਤਮ ਨੂੰ ਸਿੱਧੇ ਤੇ ਸੁਭਾਵਕ ਤੌਰ 'ਤੇ ਆਪਣੇ ਸ਼ੋਸ਼ਣ ਪ੍ਰਤੀ ਬੋਲਣ ਵਜੋਂ ਪੇਸ਼ ਕਰਨ ਵਾਲੇ ਬੁੱਧੀਜੀਵੀਆਂ ਨੂੰ ਹੀ ਕਾਂਟੇ ਹੇਠ ਲੈ ਆਉਂਦਾ ਹੈ।

ਪਰ ਸਪੀਵਾਕ ਸਬਾਲਟਰਨ ਸਕੂਲ ਦੇ ਬੁੱਧੀਜੀਵੀਆਂ ਦੀ ਆਲੋਚਨਾ ਕਰਦੀ ਹੋਈ ਕਹਿੰਦੀ ਹੈ ਕਿ ਇਹ ਪ੍ਰੋਜੈਕਟ ਆਪਣੇ ਆਪ ਵਿਚ ਹੀ ਇਕ ਅੰਤਰ-ਵਿਰੋਧੀ ਪ੍ਰੋਜੈਕਟ ਸੀ। ਕਿਉਂਕਿ ਇਹ ਇਤਿਹਾਸਕਾਰ ਜਿਨ੍ਹਾਂ ਦਸਤਾਵੇਜ਼ਾਂ ਰਾਹੀਂ ਸਬਾਲਟਰਨ ਦੀ ਅਵਾਜ਼ ਨੂੰ ਉਸਾਰਨ ਦੀ ਕੋਸ਼ਿਸ਼ ਕਰ ਰਹੇ ਹਨ, ਉਨ੍ਹਾਂ ਵਿਚ ਸਬਾਲਟਰਨ ਨੂੰ ਦੂਜੇ (Other) ਦੀ ਤਰ੍ਹਾਂ ਪੇਸ਼ ਕੀਤਾ ਗਿਆ ਸੀ। ਪਰੰਪਰਾਗਤ ਇਤਿਹਾਸਕ ਸਰੋਤਾਂ ਵਿਚ ਇਹ ਸਮੂਹ ਆਪਣੀ ਸੁਤੰਤਰ ਕਾਰਵਾਈ ਦੇ ਨਿਸ਼ਾਨ ਬਹੁਤ ਘੱਟ ਛੱਡਦੇ ਹਨ। ਸਪੀਵਾਕ ਅਨੁਸਾਰ ਫਿਰ ਵੀ ਜੇਕਰ ਇਹ ਸਬਾਲਟਰਨ ਬੋਲਣ ਦੀ ਕੋਸ਼ਿਸ਼ ਕਰਦੇ ਹਨ ਤਾਂ ਸੱਤਾਧਾਰੀ ਪ੍ਰਵਚਨ ਦੀ ਭਾਸ਼ਾ ਅੰਦਰ ਹੀ ਬੋਲ ਸਕਦੇ ਹਨ, ਕਿਉਂਕਿ ਸੱਤਾ ਇਨ੍ਹਾਂ ਨੂੰ ਇਸ ਭਾਸ਼ਾ ਵਿਚ ਹੀ ਸੁਣ ਤੇ ਸਮਝ ਸਕਦੀ ਹੈ। ਦੂਜੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਇਨ੍ਹਾਂ ਦੇ ਬੋਲ ਸੱਤਾ ਦੇ ਪ੍ਰਵਚਨ ਅੰਦਰ ਸਮਝੇ ਹੀ ਨਹੀਂ ਜਾ ਸਕਦੇ ਹਨ। ਸੱਤਾ ਹਮੇਸ਼ਾ ਇਨ੍ਹਾਂ ਬੋਲਾਂ ਨੂੰ ਆਪਣੇ ਪ੍ਰਵਚਨ ਅੰਦਰ ਢਾਲ ਕੇ ਹੀ ਵਿਆਖਿਆ ਦਿੰਦੀ ਹੈ।

ਰਣਜੀਤ ਗੁਹਾ ਦੁਆਰਾ ਬਸਤੀਵਾਦੀ ਭਾਰਤ ਅੰਦਰ ਵੱਖ-ਵੱਖ ਵਰਗਾਂ ਦੀ ਕੀਤੀ ਸ਼੍ਰੇਣੀ ਵੰਡ ਤੇ ਇਸ ਅੰਦਰ ਸਬਾਲਟਰਨ ਦੀ ਖ਼ੁਦਮੁਖ਼ਤਿਆਰ ਸਪੇਸ ਦੀ ਧਾਰਨਾ ਨੂੰ ਤੱਤਵਾਦੀ ਜਾਂ ਸਾਰਵਾਦੀ ਕਹਿ ਕੇ ਆਲੋਚਨਾ ਦਾ ਨਿਸ਼ਾਨਾ ਵੀ ਬਣਾਇਆ ਗਿਆ। ਪਰ ਸਪੀਵਾਕ ਰਣਜੀਤ ਗੁਹਾ ਦੁਆਰਾ ਕੀਤੀ ਵਰਗਾਂ ਦੀ ਵੰਡ ਨੂੰ ਵਿਸ਼ੇਸ਼ ਤਵੱਜੋ ਦਿੰਦੀ ਹੈ। ਖਾਸ ਕਰਕੇ ਇਸ ਸ਼੍ਰੇਣੀ ਵੰਡ ਦੇ ਤੀਜੇ ਹਿੱਸੇ ਵਿਚ ਅਜਿਹੇ ਵਰਗ ਜਾਂ ਸਮੂਹ ਹਨ ਜੋ ਇਕ ਖੇਤਰ ਵਿਚ ਗ਼ਾਲਬ ਤੇ ਦੂਜੇ ਖੇਤਰ ਵਿਚ ਸਬਾਲਟਰਨ ਹੋ ਸਕਦੇ ਹਨ। ਭਾਵ ਇਥੇ ਸਬਾਲਟਰਨ ਦੀ ਠੋਸ ਪਛਾਣ ਵਿਸ਼ੇਸ਼ ਸਥਾਨਕ ਤੇ ਸਥਿਤੀਜਨਕ ਹੋ ਸਕਦੀ ਹੈ। ਇਸ ਪ੍ਰਕਾਰ ਇਹ ਦ੍ਰਿਸ਼ਟੀ ਸਬਾਲਟਰਨ ਦੇ ਅਮਲ ਤੇ ਹਿੱਤਾਂ ਵਿਚਲੇ ਪੇਚੀਦਾ ਸਬੰਧਾਂ ਨੂੰ ਫੂਕੋ ਤੇ ਡੈਲੀਉਜ਼ ਵਾਲੋਂ ਵਧੇਰੇ ਚੇਤੰਨ ਢੰਗ ਨਾਲ ਮੁਖ਼ਾਤਿਬ ਹੁੰਦੀ ਹੈ। ਇਹ ਅਧਿਐਨ ਵਿਧੀਮਾਨਕ ਜਾਂ ਪ੍ਰਤੀਮਾਨਕ ਸਬਾਲਟਰਨ ਤੋਂ ਵਿਸ਼ੇਸ਼ ਸਥਾਨਕ ਖਿੱਤੇ ਵਿਚ ਭਿੰਨ ਸਬਾਲਟਰਨ ਦੀ ਪੜਤਾਲ ਤੇ ਇਸ ਭਿੰਨਤਾ ਦੇ ਮਾਪ ਦੀ ਪਛਾਣ ਨਾਲ ਸਬੰਧਿਤ ਹੈ। ਇਸ ਤਰ੍ਹਾਂ ਖੰਡਿਤ ਸਬਾਲਟਰਨ ਲਈ ਪ੍ਰਤੀਨਿੱਧਤਾ ਦਾ ਸਵਾਲ ਦੁਬਾਰਾ ਮਹੱਤਵ ਗ੍ਰਹਿਣ ਕਰ ਜਾਂਦਾ ਹੈ।

ਇਸ ਖੰਡਿਤ ਸਬਾਲਟਰਨ ਅੰਦਰ ਔਰਤ ਹੋਰ ਵੀ ਜਿਆਦਾ ਹਾਸ਼ੀਏ 'ਤੇ ਹੈ। ਬਸਤੀਵਾਦੀ ਦੌਰ ਵਿਚ ਸਤੀ-ਪ੍ਰਥਾ ਦੇ ਸਬੰਧ ਵਿਚ ਵੀ ਇਹ ਦੇਖਣ ਵਿਚ ਆਇਆ ਹੈ ਕਿ ਔਰਤ ਦੀ ਅਵਾਜ਼ ਨੂੰ ਸੁਧਾਰਵਾਦੀ ਬਸਤੀਵਾਦੀ, ਰਾਸ਼ਟਰਵਾਦੀ ਅਤੇ ਪਰੰਪਰਾਗਤ ਹਿੰਦੂ ਧਾਰਮਿਕ ਪ੍ਰਵਚਨ ਸੁਣਨ ਤੋਂ ਅਸਮਰੱਥ ਹਨ। ਇੱਥੇ ਔਰਤ ਦੀ ਦੇਹ ਵਿਭਿੰਨ ਪ੍ਰਵਚਨਾਂ ਵਿਚਕਾਰ ਰਾਜਨੀਤੀ ਦਾ ਸਥਾਨ ਸੀ। ਬਸਤੀਵਾਦੀ ਪ੍ਰਵਚਨ ਪੱਛਮੀ

ਆਧੁਨਿਕਤਾ ਦੇ ਸਭਿਅਕ ਮਿਸ਼ਨ ਅਧੀਨ ਭਾਰਤੀ ਨਾਰੀ ਤੇ ਇਸ ਰਾਹੀਂ ਪੂਰੇ ਸਮਾਜ ਨੂੰ ਖੜੋਤ-ਮੁਖੀ ਬਰਬਰ ਸਿੱਧ ਕਰਦਾ ਹੋਇਆ ਸਤੀ ਪ੍ਰਥਾ ਵਿਰੋਧੀ ਕਾਨੂੰਨ ਰਾਹੀਂ ਆਪਣੇ ਸਾਮਰਾਜੀ ਵਿਸਥਾਰ ਨੂੰ ਅਸਿੱਧੇ ਰੂਪ ਵਿਚ ਜਾਇਜ਼ਤਾ ਹੀ ਪ੍ਰਦਾਨ ਕਰ ਰਿਹਾ ਸੀ। ਭਾਵ ਔਰਤ ਨੂੰ ਆਪਣੀ ਆਵਾਜ਼ ਆਪ ਪ੍ਰਗਟ ਕਰਨ ਦੇ ਯੋਗ ਬਣਾਉਣ ਦੀ ਥਾਂ ਬਸਤੀਵਾਦੀ ਪ੍ਰਵਚਨ ਸੁਧਾਰਵਾਦੀ ਪਰਦੇ ਹੇਠ ਆਪਣੀ ਸਾਮਰਾਜਵਾਦੀ ਰਾਜਨੀਤੀ ਦੀ ਖੇਡ ਖੇਡਦਾ ਹੈ। ਅਸਲ ਵਿਚ ਬਸਤੀਵਾਦ ਹਾਕਮਾਂ ਦੁਆਰਾ ਬਸਤੀ ਬਣਾਏ ਲੋਕਾਂ ਦੇ ਇਤਿਹਾਸ, ਸਭਿਆਚਾਰ ਨੂੰ ਸਮਝਣ ਲਈ ਲਿਖਤਬੱਧ ਕੀਤੇ ਗਿਆਨ ਪ੍ਰਬੰਧਾਂ ਨੇ ਵੀ ਸਬਾਲਟਰਨ ਦੀ ਆਵਾਜ਼ ਨੂੰ ਸੂਖਮ ਰੂਪ ਵਿਚ ਮੌਨ ਕਰ ਦਿੱਤਾ ਸੀ। ਫ਼ਿਰੰਗੀਆਂ ਦੁਆਰਾ ਸਥਾਪਿਤ ਕੀਤੇ ਆਧੁਨਿਕ ਵਿਦਿਆ ਤੰਤਰ ਰਾਹੀਂ ਹਿੰਦੂ ਧਰਮ, ਹਿੰਦੂ ਪਛਾਣ, ਭਾਰਤੀ ਸੰਸਕ੍ਰਿਤੀ ਸਮੇਤ ਇਸ ਅੰਦਰ ਔਰਤ ਦੀ ਸਥਿਤੀ ਨੂੰ ਪੁਨਰ ਪਰਿਭਾਸ਼ਤ ਕੀਤਾ ਗਿਆ। **ਏਸ਼ੀਆਟਿਕ ਸੋਸਾਇਟੀ ਆਫ਼ ਬੰਗਾਲ** (1784) **ਅਤੇ ਇੰਡੀਅਨ ਇੰਸਟੀਚਿਊਟ, ਔਕਸਫੌਰਡ** (1883) ਦੁਆਰਾ ਪੈਦਾ ਕੀਤੇ ਖੋਜਾਰਥੀਆਂ ਨੇ ਹਿੰਦੂ ਕੋਡ ਨੂੰ ਹਿੰਦੂ ਧਰਮ ਦੀਆਂ ਪ੍ਰਮਾਣਿਕ ਲਿਖਤਾਂ ਤਿਆਰ ਕਰਦੇ ਹੋਏ ਪਰਿਭਾਸ਼ਤ ਕੀਤਾ। ਇਸ ਵਿਚ ਨਵੀਆਂ ਲਿਖਤਾਂ ਦੇ ਨਾਲ-ਨਾਲ ਅਨੁਵਾਦ ਦਾ ਕੰਮ ਵੀ ਸ਼ਾਮਿਲ ਸੀ। ਇਹ ਅਧਾਰਿਤ ਲਿਖਤਾਂ ਤੇ ਅਨੁਵਾਦ ਹੀ ਅੱਗੇ ਚਲ ਕੇ ਪੱਛਮੀ ਤੇ ਭਾਰਤੀ ਬੁੱਧੀਜੀਵੀਆਂ ਲਈ ਹਵਾਲਾ ਸਰੋਤ ਬਣਦੇ ਹਨ। ਪਰ ਇਨ੍ਹਾਂ ਅੰਦਰ ਵੱਡੀ ਪੱਧਰ ਤੇ ਤਾਕਤ/ਗਿਆਨ ਦੇ ਰਿਸ਼ਤੇ ਗਤੀਮਾਨ ਸਨ, ਜੋ ਸਬਾਲਟਰਨ ਔਰਤ ਲਈ ਇਪਿਸਟੀਮਿਕ ਹਿੰਸਾ ਦਾ ਅਧਾਰ ਬਣਦੇ ਹਨ। ਉਦਾਹਰਣ ਵਜੋਂ ਬਸਤੀਵਾਦੀ ਅਖੌਤੀ ਨਰਮ ਦਿਲ ਹਾਕਮ ਲਈ ਵਿਧਵਾ ਔਰਤ ਤੇ ਉਸਨੂੰ ਸਬਾਲਟਰਨ ਕਰਨ ਵਾਲੀ 'ਧਾਰਮਿਕ ਮੁਕਤੀ' ਦੀ ਬ੍ਰਾਹਮਣਵਾਦੀ ਵਿਚਾਰਧਾਰਾ ਤਨਕੀਦ ਦਾ ਕੇਂਦਰ ਨਹੀਂ ਬਣਦੀ। ਇਸ ਦੀ ਥਾਂ ਇਸ ਵਿਚਾਰਧਾਰਾ ਦੀ ਵਿਕਲੋਤਰੀ ਉਦਾਹਰਣ 'ਸਤੀ' ਹੀ ਭਾਰਤੀ ਔਰਤ ਦੀ ਤ੍ਰਾਸਦੀ ਦੀ ਉਦਾਹਰਣ ਬਣਦੀ ਹੈ।

ਇਸ ਤਰ੍ਹਾਂ ਹੀ ਰਾਸ਼ਟਰਵਾਦੀ ਪ੍ਰਵਚਨ ਲਈ ਔਰਤ ਦੀ ਮੁਕਤੀ ਦਾ ਮੁੱਦਾ ਰਾਸ਼ਟਰਵਾਦੀ ਹਿੱਤਾਂ ਅਧੀਨ ਦੂਜੈਲੇ ਸਥਾਨ 'ਤੇ ਰਹਿੰਦਾ ਹੈ। ਦੂਜੇ ਹੱਥ ਧਾਰਮਿਕ ਪਿੱਤਰਕੀ ਪ੍ਰਧਾਨ ਹਿੰਦੂ ਵਿਚਾਰਧਾਰਾ ਇਸ ਨੂੰ ਪਵਿੱਤਰ ਰਸਮ ਅਧੀਨ ਜਾਰੀ ਰੱਖਣ ਦੀ ਹਮਾਇਤੀ ਹੈ। ਉਸ ਅਨੁਸਾਰ ਇਹ ਸਤੀ ਹੋਣ ਵਾਲੀ ਔਰਤ ਦਾ ਹੀ ਆਪਣਾ ਸੁਤੰਤਰ ਫ਼ੈਸਲਾ ਹੈ ਕਿ ਉਹ ਸਤੀ ਹੋ ਕੇ ਅਮਰ ਹੋਣਾ ਚਾਹੁੰਦੀ ਹੈ ਤੇ ਸਮਾਜ ਵਿਚ ਆਪਣੀ ਮਾਨਤਾ ਪ੍ਰਾਪਤ ਕਰਨਾ ਚਾਹੁੰਦੀ ਹੈ। ਇਨ੍ਹਾਂ ਸਭ ਪ੍ਰਵਚਨਾਂ ਦੇ ਸੰਘਰਸ਼ ਵਿਚ ਔਰਤ ਦੀ ਆਪਣੀ ਖ਼ੁਦਮੁਖ਼ਤਿਆਰ ਅਵਾਜ਼ ਗਾਇਬ ਹੈ। ਸਪੀਵਾਕ ਅਨੁਸਾਰ ਇਹ ਸਭ ਪ੍ਰਵਚਨ ਮਰਦ-ਪ੍ਰਧਾਨ ਸੋਚ ਦੇ ਲਖਾਇਕ ਹਨ। ਇਸ ਪ੍ਰਕਾਰ ਤੀਜੀ ਦੁਨੀਆ ਦੀ ਔਰਤ ਦੂਹਰੀ ਪੱਧਰ ’ਤੇ ਸਬਾਲਟਰਨ ਹੈ। ਉਹ ਗੋਰੇ ਮਰਦ ਪ੍ਰਧਾਨ ਬਸਤੀਵਾਦੀ ਸਾਮਰਾਜ ਦੇ ਨਸਲੀ ਗ਼ਲਬੇ ਦੇ ਅਧੀਨ ਹੈ ਅਤੇ ਇਸਦੇ ਨਾਲ ਹੀ ਉਹ ਭਾਰਤੀ ਮਰਦ ਦੀ ਪਿੱਤਰੀ ਬ੍ਰਾਹਮਣਵਾਦੀ ਪਰੰਪਰਾ ਅਧੀਨ ਵੀ ਹੈ।

ਸਪੀਵਾਕ ਅਨੁਸਾਰ ਸਬਾਲਟਰਨ ਬੁੱਧੀਜੀਵੀ ਵੀ ਸ਼ੁੱਧ ਸਬਾਲਟਰਨ ਹੋਂਦ ਅਤੇ ਚੇਤਨਾ ਦੀ ਖੋਜ ਵਿਚ ਕਿਸਾਨ, ਮਜ਼ਦੂਰ ਅਤੇ ਬਸਤੀਵਾਸੀ ਸ਼ਬਦ ਵਰਤਦੇ ਸਮੇਂ ਤੱਤਵਾਦ/ਸਾਰਵਾਦ ਦਾ ਸ਼ਿਕਾਰ ਹੋ ਜਾਂਦੇ ਹਨ। ਜਿਸ ਕਰਕੇ ਉਹ ਇਨ੍ਹਾਂ ਇਕਰੂਪੀ ਸ਼ਬਦਾਂ ਅੰਦਰ ਵਿਭਿੰਨ ਪੱਧਰਾਂ 'ਤੇ ਜਾਰੀ ਔਰਤ ਦੇ ਸੂਖ਼ਮ ਸ਼ੋਸ਼ਣ ਨੂੰ ਦੇਖ ਨਹੀਂ ਪਾਉਂਦੇ ਹਨ। ਇਨ੍ਹਾਂ ਸਮੂਹਾਂ ਦੇ ਇਤਿਹਾਸ ਨੂੰ ਇਨ੍ਹਾਂ ਦੀ ਅਜ਼ਾਦੀ ਦੇ ਮਕਸਦ ਲਈ ਚੇਤਨਾਗਤ ਤੌਰ 'ਤੇ ਵਿਕਸਤ ਹੁੰਦੇ ਦਰਸਾ ਕੇ ਔਰਤ ਦੀ ਭਾਗੀਦਾਰੀ ਨੂੰ ਵੀ ਇਸ ਮਕਸਦ ਨਾਲ ਜੋੜ ਦਿੰਦੇ ਹਨ। ਪਰ ਇੱਥੇ ਸਵਾਲ ਤਾਂ ਇਹ ਹੈ ਕਿ ਅਜ਼ਾਦੀ ਦੇ ਇਹ ਮਿਸ਼ਨ ਲਿੰਗ ਦੇ ਮਸਲਿਆਂ ਪ੍ਰਤੀ ਕਿੰਨੇ ਕੁ ਸੰਵੇਦਨਸ਼ੀਲ ਸਨ। ਸਪੀਵਾਕ ਦਰਸਾਉਂਦੀ ਹੈ ਕਿ ਕਿਸ ਪ੍ਰਕਾਰ ਕ੍ਰਾਂਤੀਕਾਰੀ ਰਾਸ਼ਟਰਵਾਦੀ ਸੰਗਠਨ ਅੰਦਰ ਕੰਮ ਕਰਦੀ ਭੁਵਨੇਸ਼ਵਰੀ ਭਾਦੁਰੀ (Bhubaneswari Bhaduri) ਦੀ ਆਤਮ ਹੱਤਿਆ ਨੂੰ ਇਨ੍ਹਾਂ ਰਾਸ਼ਟਰਵਾਦੀ, ਬਸਤੀਵਾਦੀ ਤੇ ਪ੍ਰਗਤੀਵਾਦੀ ਬੁੱਧੀਜੀਵੀਆਂ ਦੁਆਰਾ ਵਿਆਖਿਆ ਪ੍ਰਦਾਨ ਕੀਤੀ ਗਈ ਸੀ, ਜੋ ਇਨ੍ਹਾਂ ਪ੍ਰਵਚਨਾਂ ਅੰਦਰ ਕਾਰਜਸ਼ੀਲ ਮਰਦ-ਪ੍ਰਧਾਨ ਸੋਚ ਨੂੰ ਪੇਸ਼ ਕਰਦੀ ਹੈ। ਕ੍ਰਾਂਤੀਕਾਰੀ ਸੰਗਠਨ ਵੱਲੋਂ ਭੁਵਨੇਸ਼ਵਰੀ ਦੇਵੀ ਨੂੰ ਦਿੱਤੇ ਰਾਜਨੀਤਕ ਕਾਰਜ ਨੂੰ ਕਰਨ ਵਿਚ ਅਸਫ਼ਲ ਰਹਿਣ ਕਰਕੇ ਉਹ ਅੰਗਰੇਜ਼ ਪ੍ਰਸ਼ਾਸਨ ਦੇ ਹੱਥ ਆਉਣ ਦੀ ਥਾਂ ਆਤਮ ਹੱਤਿਆ ਕਰ ਜਾਂਦੀ ਹੈ। ਉਹ ਨਹੀਂ ਚਾਹੁੰਦੀ ਕੇ ਸਰਕਾਰ ਦੇ ਹੱਥ ਆਉਣ ਨਾਲ ਉਸਦੇ ਕ੍ਰਾਂਤੀਕਾਰੀ ਸਾਥੀਆਂ ਦਾ ਨੁਕਸਾਨ ਹੋਵੇ। ਪਰ ਮਰਦ-ਪ੍ਰਧਾਨ ਸੋਚ ਦੇ ਬੁੱਧੀਜੀਵੀਆਂ ਦੇ ਇਤਿਹਾਸਕ ਬਿਰਤਾਂਤ ਉਸਦੀ ਆਤਮ ਹੱਤਿਆ ਨੂੰ ਨਜਾਇਜ਼ ਸਬੰਧਾਂ ਅਧੀਨ ਗਰਭ ਠਹਿਰਨ ਤੇ ਇਸ ਤੋਂ ਹੋਣ ਵਾਲੀ ਸਮਾਜਕ ਬਦਨਾਮੀ ਨਾਲ ਜੋੜਦੇ ਹਨ। ਸਪੀਵਾਕ ਅਨੁਸਾਰ:

> "ਇੱਥੇ ਸਤੀ ਔਰਤ ਦਾ ਪਾਠ ਅੰਤਰ-ਪਾਠ ਬਣ ਕੇ ਦੁਬਾਰਾ ਹਾਜ਼ਰ ਹੁੰਦਾ ਹੈ। ਔਰਤ ਦੀ ਦੇਹ ਦੁਬਾਰਾ ਮਰਦ ਦੀ ਰਾਜਨੀਤੀ ਦਾ ਅਖਾੜਾ ਹੈ। ਇਸ ਸਾਰੀ ਬਹਿਸ ਤੋਂ ਬਾਅਦ ਹੀ ਉਹ


**www.sanvad.org**
ISSN : 2395-1273

> ਕਹਿੰਦੀ ਹੈ ਕਿ ਸਬਾਲਟਰਨ ਬੋਲ ਨਹੀਂ ਸਕਦਾ। ਉਹ ਕੇਵਲ ਪੇਸ਼ ਕੀਤਾ ਜਾ ਸਕਦਾ ਹੈ ਅਤੇ ਬੁੱਧੀਜੀਵੀਆਂ ਦੀ ਇਹ ਪੇਸ਼ਕਾਰੀ ਵੀ ਪਾਰਦਰਸ਼ਕ ਨਹੀਂ ਹੈ।"

ਸਪੀਵਾਕ ਦਰਸਾਉਂਦੀ ਹੈ ਕਿ ਕਿਸ ਪ੍ਰਕਾਰ ਕ੍ਰਾਂਤੀਕਾਰੀ ਰਾਸ਼ਟਰਵਾਦੀ ਸੰਗਠਨ ਅੰਦਰ ਕੰਮ ਕਰਦੀ ਭਵਨੇਸ਼ਵਰੀ ਭਾਦੁਰੀ (Bhubaneswari Bhaduri) ਦੀ ਆਤਮ ਹੱਤਿਆ ਨੂੰ ਇਨ੍ਹਾਂ ਰਾਸ਼ਟਰਵਾਦੀ, ਬਸਤੀਵਾਦੀ ਤੇ ਪ੍ਰਗਤੀਵਾਦੀ ਬੁੱਧੀਜੀਵੀਆਂ ਦੁਆਰਾ ਵਿਆਖਿਆ ਪ੍ਰਦਾਨ ਕੀਤੀ ਗਈ ਸੀ, ਜੋ ਇਨ੍ਹਾਂ ਪ੍ਰਵਚਨਾਂ ਅੰਦਰ ਕਾਰਜਸ਼ੀਲ ਮਰਦ ਪ੍ਰਧਾਨ ਸੋਚ ਨੂੰ ਪੇਸ਼ ਕਰਦੀ ਹੈ। ਕ੍ਰਾਂਤੀਕਾਰੀ ਸੰਗਠਨ ਵੱਲੋਂ ਭਵਨੇਸ਼ਵਰੀ ਭਾਦੁਰੀ ਨੂੰ ਦਿੱਤੇ ਰਾਜਨੀਤਕ ਕਾਰਜ ਨੂੰ ਕਰਨ ਵਿਚ ਅਸਫ਼ਲ ਰਹਿਣ ਕਰਕੇ ਉਹ ਅੰਗਰੇਜ਼ ਪ੍ਰਸ਼ਾਸਨ ਦੇ ਹੱਥ ਆਉਣ ਦੀ ਥਾਂ ਆਤਮ-ਹੱਤਿਆ ਕਰ ਜਾਂਦੀ ਹੈ। ਉਹ ਨਹੀਂ ਚਾਹੁੰਦੀ ਕਿ ਸਰਕਾਰ ਦੇ ਹੱਥ ਆਉਣ ਨਾਲ ਉਸਦੇ ਕ੍ਰਾਂਤੀਕਾਰੀ ਸਾਥੀਆਂ ਦਾ ਨੁਕਸਾਨ ਹੋਵੇ। ਪਰ ਮਰਦ ਪ੍ਰਧਾਨ ਸੋਚ ਵਾਲੇ ਬੁੱਧੀਜੀਵੀਆਂ ਦੇ ਇਤਿਹਾਸਕ ਬਿਰਤਾਂਤ ਉਸਦੀ ਆਤਮ-ਹੱਤਿਆ ਨੂੰ ਨਜਾਇਜ਼ ਸਬੰਧਾਂ ਅਧੀਨ ਗਰਭ ਠਹਿਰਨ ਤੇ ਇਸਤੋਂ ਹੋਣ ਵਾਲੀ ਸਮਾਜਕ ਬਦਨਾਮੀ ਨਾਲ ਜੋੜਦੇ ਹਨ। ਸਪੀਵਾਕ ਅਨੁਸਾਰ ਇੱਥੇ ਸਤੀ ਔਰਤ ਦਾ ਪਾਠ ਅੰਤਰ-ਪਾਠ ਬਣ ਕੇ ਦੁਬਾਰਾ ਹਾਜ਼ਰ ਹੁੰਦਾ ਹੈ। ਔਰਤ ਦੀ ਦੇਹ ਦੁਬਾਰਾ ਮਰਦ ਦੀ ਰਾਜਨੀਤੀ ਦਾ ਅਖਾੜਾ ਹੈ।

ਸਮੁੱਚੇ ਰੂਪ ਵਿਚ ਜੇਕਰ ਸਬਾਲਟਰਨ ਸਟੱਡੀਜ਼ ਸਕੂਲ ਤੇ ਸਪੀਵਾਕ ਦੁਆਰਾ ਸਬਾਲਟਰਨ ਦੀ ਕੀਤੀ ਪਰਿਭਾਸ਼ਾ ਨੂੰ ਆਲੋਚਨਾਤਮਕ ਤੌਰ 'ਤੇ ਦੇਖਿਆ ਜਾਵੇ ਤਾਂ ਸਮੁੱਚਾ ਸੰਵਾਦ ਦੋ ਧੁਰਿਆਂ ਵੱਲ ਝੁਕਦਾ ਲਗਾਤਾਰ ਤਣਾਅ ਦੀ ਸਥਿਤੀ ਵਿਚ ਰਹਿੰਦਾ ਹੈ। ਜੇਕਰ ਇਕ ਪਾਸੇ ਸਬਾਲਟਰਨ ਦੇ ਸੱਤਾ ਦੀਆ ਗ਼ਾਲਬ ਸੰਰਚਨਾਵਾਂ ਤੋਂ ਖ਼ੁਦਮੁਖ਼ਤਿਆਰ ਸਥਾਨ 'ਤੇ ਜ਼ੋਰ ਦਿੱਤਾ ਜਾਂਦਾ ਹੈ ਤਾਂ ਦੂਜੇ ਪਾਸੇ ਇਸ ਖ਼ੁਦਮੁਖ਼ਤਿਆਰ ਸਥਾਨ ਦੀ ਹੋਂਦ ਨੂੰ ਰੱਦ ਕਰਨ ਦੀ ਬਿਰਤੀ ਭਾਰੂ ਹੈ। ਪਹਿਲੀ ਧਿਰ ਰਣਜੀਤ ਗੁਹਾ ਅਤੇ ਉਸਦੇ ਸਾਥੀਆਂ ਦੀ ਹੈ ਅਤੇ ਦੂਜੀ ਧਿਰ ਸਪੀਵਾਕ ਦੀ ਹੈ। ਦੂਜੀ ਧਿਰ ਸਬਾਲਟਰਨ ਨੂੰ ਸੱਤਾ ਦੀਆਂ ਸੰਰਚਨਾਵਾਂ ਦੇ ਹੱਥਾਂ ਵਿਚ ਕੱਠਪੁਤਲੀ ਦੀ ਤਰ੍ਹਾਂ ਪੇਸ਼ ਕਰਦੀ ਹੈ। ਸਪੀਵਾਕ ਦੇ ਆਉਣ ਨਾਲ ਦੂਜੀ ਧਿਰ ਵਧੇਰੇ ਮਜ਼ਬੂਤ ਹੋਈ ਹੈ। ਗਿਆਨ ਪ੍ਰਕਾਸ਼ ਅਨੁਸਾਰ ਇਹ ਭਾਰੂ ਝੁਕਾਅ ਉੱਤਰ-ਸੰਰਚਨਾਵਦ ਵੱਲ ਸਕੂਲ ਦੇ ਮੋੜ ਨੂੰ ਦਰਸਾਉਂਦਾ ਹੈ। ਐਲਿਫ ਗਨਵੈਲਡ ਅਤੇ ਸਰੀਲਾ ਰਾਏ ਗਿਆਨ ਪ੍ਰਕਾਸ਼ ਦੇ ਹਵਾਲੇ ਨਾਲ ਸਪੀਵਾਕ ਦੇ ਇਸ ਪ੍ਰਭਾਵ ਸਬੰਧੀ ਲਿਖਦੇ ਹਨ,

> "ਆਤਮ ਨੂੰ ਕੁਲੀਨ ਪ੍ਰਵਚਨ ਤੋਂ ਖ਼ੁਦਮੁਖ਼ਤਿਆਰ ਹੋਣ ਦੀ ਥਾਂ ਇਸਨੂੰ ਬੇ-ਸਿਲਸਿਲੇਵਾਰ ਸੰਰਚਨਾਵਾਂ ਦੇ ਪ੍ਰਭਾਵ ਵਜੋਂ ਸੰਕਲਪਬੱਧ ਕਰਨ ਦੀ ਉਤਰ-ਸੰਰਚਨਾਵਾਦੀ ਤਬਦੀਲੀ ਲਈ ਸਪੀਵਾਕ ਦਾ ਵੱਡਾ ਯੋਗਦਾਨ ਹੈ।"

ਸਪੀਵਾਕ ਦੇ ਸੰਵਾਦ ਵਿਚ ਪ੍ਰਵੇਸ਼ ਕਰਨ ਨਾਲ ਦੂਜੀ ਤਬਦੀਲੀ ਪਛਾਣਾਂ 'ਤੇ ਅਧਾਰਿਤ ਸਬਾਲਟਰਨ ਸਮੂਹਾਂ ਨੂੰ ਅਨੁਭਵ ਸਿੱਧ ਪਦਨਾਮ ਦੇਣ ਥਾਂ ਆਲੋਚਨਾਤਮਕ ਦ੍ਰਿਸ਼ਟੀ ਤੋਂ ਸੱਤਾ ਦੇ ਰਿਸ਼ਤਿਆਂ ਦੀ ਗਤੀਸ਼ੀਲ ਸੰਰਚਨਾ ਨੂੰ ਸਮਝਣ ਵੱਲ ਹੁੰਦੀ ਹੈ। ਸਪੀਵਾਕ ਦੀ ਉਪਰੋਕਤ ਦ੍ਰਿਸ਼ਟੀ ਇਹ ਸਮਝਣ ਦੀ ਕੋਸ਼ਿਸ਼ ਕਰਦੀ ਹੈ ਕਿਵੇਂ ਸੱਤਾ, ਅਧੀਨਗੀ, ਪ੍ਰਤਿਰੋਧ ਅਤੇ ਇਨ੍ਹਾਂ ਦੇ ਵਿਭਿੰਨ ਮਾਧਿਅਮ ਵਿਸ਼ੇਸ਼ ਸਮਾਜਕ ਸਬੰਧਾਂ ਦੇ ਢਾਂਚੇ ਅੰਦਰ ਨਿਰਮਤ ਹੁੰਦੇ ਹਨ। ਭਾਵ ਜਾਤ, ਜਮਾਤ, ਲਿੰਗ ਆਦਿ 'ਤੇ ਅਧਾਰਿਤ ਅਨੁਭਵ ਸਿੱਧ ਪਦਨਾਮ ਵਾਲੀਆਂ ਪਛਾਣਾਂ ਨੂੰ ਨਿਰਮਤ ਕਰਨ ਵਾਲੇ ਵਡੇਰੇ ਸੱਤਾ ਸਬੰਧਾਂ ਦਾ ਆਲੋਚਨਾਤਨਕ ਅਧਿਐਨ ਕੀਤਾ ਜਾਂਦਾ ਹੈ। ਇਸ ਅਧੀਨ ਸਬਾਲਟਰਨ ਪਛਾਣ ਦੀ ਥਾਂ ਇਕ ਆਲੋਚਨਾਤਮਕ ਸਥਿਤੀ ਜਾਂ ਇਕ ਅਜਿਹਾ ਪਰਿਪੇਖ ਬਣ ਜਾਂਦੀ ਹੈ, ਜਿਥੋਂ ਸੱਤਾਧਾਰੀ ਪ੍ਰਵਚਨਾਂ ਅਤੇ ਇਸਦੇ ਸੰਰਚਨਾਤਮਕ ਢਾਂਚੇ ਦੀਆਂ ਬਹੁਪਰਤਾਂ ਦਾ ਆਲੋਚਨਾਤਮਕ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਇਹ ਅਲੋਚਨਾਮਤਕ ਪਰਿਪੇਖ ਇਹ ਪੜਤਾਲ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਕਿਵੇਂ ਪੱਛਮੀ ਕਲਾਸਕੀ ਫ਼ਲਸਫ਼ੇ, ਸਾਹਿਤ ਤੇ ਇਤਿਹਾਸ ਦੇ ਪ੍ਰਵਚਨ ਬਸਤੀਵਾਦ ਤੇ ਸਾਮਰਾਜਵਾਦ ਨੂੰ ਜਾਇਜ਼ਤਾ/ਅਟੱਲਤਾ ਬਖਸ਼ਣ ਦੇ ਸੂਖ਼ਮ ਸਵਾਲਾਂ ਨਾਲ ਸਬੰਧਿਤ ਹਨ।

ਸਪੀਵਾਕ ਦੁਆਰਾ ਸਬਾਲਟਰਨ ਸਮੂਹਾਂ ਸਬੰਧੀ ਅਖ਼ਤਿਆਰ ਕੀਤੀ ਇਸ ਸਥਿਤੀ ਦੀ ਬਹੁਤ ਸਾਰੇ ਚਿੰਤਕਾਂ ਨੇ ਕਠੋਰ ਆਲੋਚਨਾ ਵੀ ਕੀਤੀ ਹੈ। ਇਸ ਵਿਚ ਮਾਰਕੁਸ ਗਰੀਨ ਅਤੇ ਬਨੀਤਾ ਪੈਰੀ ਪ੍ਰਮੁੱਖ ਹਨ। ਮਾਰਕੁਸ ਗਰੀਨ ਅਨੁਸਾਰ ਸਪੀਵਾਕ ਦੀ ਸਮੱਸਿਆ ਇਹ ਹੈ ਕਿ ਉਹ ਸਬਾਲਟਰਨ ਦੀ ਸਮੱਸਿਆ ਨੂੰ ਕੇਵਲ ਪੇਸ਼ਕਾਰੀ ਤਕ ਘਟਾ ਦਿੰਦੀ ਹੈ। ਕਿਉਂਕਿ ਸਪੀਵਾਕ ਦਾ ਵਿਚਾਰ ਹੈ ਕਿ ਜਦੋਂ ਕੋਈ ਸਮੂਹ ਸਮਾਜ ਵਿਚ ਆਪਣੇ ਆਪ ਨੂੰ ਪ੍ਰਗਟਾਉਣ ਦੇ ਸਮਰੱਥ ਹੋ ਜਾਂਦਾ ਹੈ ਤਾਂ ਉਹ ਸਬਾਲਟਰਨ ਨਹੀਂ ਰਹਿੰਦਾ ਹੈ। ਇਸ ਕਰਕੇ ਹੀ ਆਪਣੀ ਇਕ ਇੰਟਰਵਿਊ ਵਿਚ ਉਹ ਕਹਿੰਦੀ ਹੈ ਕਿ:

"ਮੈ ਨਹੀਂ ਸੋਚਦੀ ਕਿ ਮੈਂ ਆਪਣੇ ਆਪ ਨੂੰ ਸਬਾਲਟਰਨ ਨਾਲ ਜੁੜੀ ਹੋਈ ਮਹਿਸੂਸ ਕਰਾਂ। ਸਬਾਲਟਰਨ ਉਹ ਸਾਰੇ ਹਨ, ਜੋ ਕੁਲੀਨ ਨਹੀਂ ਹਨ, ਪਰ ਇਸ ਕਿਸਮ ਦੇ ਨਾਵਾਂ ਨਾਲ ਸਮੱਸਿਆ ਇਹ ਹੈ ਕਿ ਜੇਕਰ ਤੁਸੀ ਕਿਸੇ ਕਿਸਮ ਦਾ ਰਾਜਨੀਤਕ ਹਿੱਤ ਰੱਖਦੇ ਹੋ ਤਾਂ ਤੁਸੀ ਇਸ ਨੂੰ ਨਾਮ ਦਿੰਦੇ ਹੋਏ ਇਹ ਉਮੀਦ ਕਰਦੇ ਹੋ ਕੇ ਇਹ ਨਾਮ ਇਕ ਦਿਨ ਅਲੋਪ ਹੋਵੇਗਾ। ਵਰਗ ਚੇਤਨਾ ਵੀ ਤਾਂ ਵਰਗ ਦੇ ਅਲੋਪ ਹੋਣ ਦੇ ਹਿੱਤ ਵਿਚ ਪੈਦਾ ਕੀਤੀ ਜਾਂਦੀ ਹੈ। ਰਾਜਨੀਤਕ ਰੂਪ ਵਿਚ ਅਸੀਂ ਕੀ ਦੇਖਣਾ ਚਾਹੁੰਦੇ ਹਾਂ ਕਿ ਨਾਮ ਦੀ ਹੋਂਦ ਸੰਭਵ ਨਾ ਹੋਵੇ। ....ਤਾਂ ਮੈਨੂੰ ਦਿਲਚਸਪੀ ਹੈ ਕਿ ਮੈਂ ਖੁਦ ਨੂੰ ਸਬਾਲਟਰਨ ਦੇ ਨਾਮ ਦੇ ਰੂਪ ਵਿਚ ਦੇਖ ਰਹੀਂ ਹਾਂ। ...ਜੇਕਰ ਸਬਾਲਟਰਨ ਬੋਲ ਸਕਦਾ ਤਾਂ ਉਹ ਸਬਾਲਟਰਨ ਨਹੀਂ ਰਹਿੰਦਾ ਹੈ।"

ਇਸ ਕਰਕੇ ਹੀ ਸਪੀਵਾਕ ਪ੍ਰੋਲੋਤਾਰੀ ਨੂੰ ਸਬਾਲਟਰਨ ਨਹੀਂ ਮੰਨਦੀ ਕਿਉਂਕਿ ਬਹੁਤ ਸਾਰੇ ਮੌਕਿਆਂ 'ਤੇ ਉਹ ਸੰਗਠਿਤ ਰੂਪ ਵਿਚ ਆਪਣੀ ਅਵਾਜ਼ ਉਠਾ ਸਕਦਾ ਹੈ। ਬਨੀਤਾ ਪੈਰੀ ਅਤੇ ਮੋਰੇ ਗ਼ਿਲਬਰਟ ਸਪੀਵਾਕ ਦੀ ਸਬਾਲਟਰਨ ਦੇ ਨਾ ਬੋਲ ਸਕਣ ਦੀ ਧਾਰਨਾ ਦਾ ਆਲੋਚਨਾਤਮਕ ਵਿਸ਼ਲੇਸ਼ਣ ਕਰਦੀਆਂ ਹਨ। ਬਨੀਤਾ ਪੈਰੀ ਅਨੁਸਾਰ ਸਬਾਲਟਰਨ ਔਰਤ ਦੇ ਸ਼ੋਸ਼ਣ ਨੂੰ ਬੇਪਰਦ ਕਰਨ ਦੀ ਸਪੀਵਾਕ ਦੀ ਉਤਰ-ਸੰਰਚਨਾਵਾਦੀ ਅਧਿਐਨ ਵਿਧੀ ਉਲਟੇ ਰੂਪ ਵਿਚ ਸ਼ੋਸ਼ਤ ਔਰਤ ਦੀ ਅਵਾਜ਼ ਨੂੰ ਮੌਨ ਕਰਨ ਵਿਚ ਹੀ ਯੋਗਦਾਨ ਪਾਉਂਦੀ ਹੈ। ਉਹਨਾ ਅਨੁਸਾਰ ਸਪੀਵਾਕ ਸਬਾਲਟਰਨ ਸਮੂਹਾਂ ਦੇ ਪ੍ਰਤਿਰੋਧ ਦੀਆ ਸੰਭਾਵਨਾਵਾਂ ਨੂੰ ਪੂਰੀ ਤਰ੍ਹਾਂ ਖਾਰਜ ਕਰ ਰਹੀ ਹੈ। ਬਨੀਤਾ ਪੈਰੀ ਦੇ ਸ਼ਬਦਾਂ ਵਿਚ:

"ਸਪੀਵਾਕ ਨੇ ਅਪਣੀਆਂ ਖ਼ੁਦ ਦੀਆਂ ਲਿਖਤਾਂ ਵਿਚ ਬੜੀ ਕਠੋਰਤਾ ਨਾਲ ਉਸ ਸਥਾਨ ਨੂੰ ਸੀਮਤ ਕੀਤਾ ਹੈ, ਜਿੱਥੋਂ ਉਪਨਿਵੇਸ਼ਵਾਸੀ ਇਤਿਹਾਸ ਨੂੰ ਦੁਬਾਰਾ ਲਿਖ ਸਕਣ, ਇਥੋਂ ਤਕ ਕਿ ਜਦੋਂ ਉਤਰ ਬਸਤੀਵਾਦੀ ਬੁੱਧੀਜੀਵੀਆਂ ਦੁਆਰਾ ਵਰਤੀਆਂ ਜਾ ਰਹੀਆਂ ਵਿਰਚਨਾਵਾਦੀ ਰਣਨੀਤੀਆਂ ਰਾਹੀਂ ਦਖ਼ਲ ਦੇਣ ਦੀਆਂ ਸੰਭਾਵਨਾਵਾਂ ਉਪਯੋਗ ਕੀਤੀਆਂ ਜਾ ਰਹੀਆਂ ਹਨ।"

ਮੋਰੇ ਗਿਲਬਰਟ ਦਾ ਵੀ ਮੰਨਣਾ ਹੈ ਕਿ ਇਤਿਹਾਸ ਅੰਦਰ ਔਰਤ ਦੀਆਂ ਖ਼ੁਦਮੁਖ਼ਤਿਆਰ ਪ੍ਰਤਿਰੋਧੀ ਕਾਰਵਾਈਆਂ ਦੇ ਸੁਰਾਖਾਂ ਦੀ ਪੈੜ ਨੱਪਦੇ ਹੋਏ ਇਕ ਵਿਕਲਪੀ ਸਬਾਲਟਰਨ ਇਤਿਹਾਸ ਦੀ ਪੁਨਰ-ਰਚਨਾ ਕੀਤੀ ਜਾ ਸਕਦੀ ਹੈ। ਉਹ ਗੁਰੀਲਾ ਨੇਤਾ ਨੈਨੀ ਦੀ 1773 ਦੇ ਮਰੂਨ ਦੇ ਵਿਦਰੋਹਾਂ ਅੰਦਰ ਭਾਗੀਦਾਰੀ ਤੋਂ ਲੈ ਕੇ 1857 ਦੇ ਗ਼ਦਰ ਵਿਚ ਬਜ਼ਾਰੀ ਵੇਸਵਾਵਾਂ ਦੇ ਯੋਗਦਾਨ, 1929 ਵਿਚ ਨਾਈਜ਼ੀਰੀਅਨ ਔਰਤਾਂ ਦੇ ਅੰਦੋਲਨਾਂ ਅਤੇ ਅਜੋਕੇ ਦੌਰ ਵਿਚ 'ਬੈਡਿੰਟ ਕੁਈਨ' ਦੇ ਨਾਂ ਨਾਲ ਜਾਣੀ ਜਾਂਦੀ ਫੂਲਨ ਦੇਵੀ ਦੀਆਂ ਗਤੀਵਿਧੀਆਂ ਰਾਹੀਂ ਆਪਣੀ ਧਾਰਨਾ ਸਪਸ਼ਟ ਕਰਦੀ ਹੈ। ਮਾਰਕੁਸ ਗਰੀਨ ਅਤੇ ਮੋਰੇ ਗਿਲਬਰਟ ਦੀ ਦ੍ਰਿਸ਼ਟੀ ਜਦੋਂ ਸਪੀਵਾਕ ਦੁਆਰਾ ਕੀਤੀ ਸਬਾਲਟਰਨ ਦੀ ਪਰਿਭਾਸ਼ਾ ਨੂੰ ਵਾਚਿਆ ਜਾਂਦਾ ਹੈ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਉਹ ਸਬਾਲਟਰਨ ਨੂੰ ਸੱਤਾ ਅਤੇ ਇਸ ਦੀਆਂ ਸੰਰਚਨਾਵਾਂ ਦੇ ਹੱਥਾਂ ਵਿਚ ਕਠਪੁਤਲੀ ਬਣਾ ਕੇ ਪੇਸ਼ ਕਰ ਰਹੀ ਹੈ। ਸਪੀਵਾਕ ਅਨੁਸਾਰ ਜਦੋਂ ਕੋਈ ਸਮੂਹ ਸੰਗਠਿਤ ਹੋ ਕੇ ਆਪਣੇ ਆਪ ਨੂੰ ਪੇਸ਼ ਕਰਨ ਦੇ ਸਮਰੱਥ ਹੋ ਜਾਂਦਾ ਹੈ ਤਾਂ ਉਹ ਸਬਾਲਟਰਨ ਨਹੀਂ ਰਹਿੰਦਾ। ਮਾਰਕੁਸ ਗਰੀਨ ਸਪੀਵਾਕ ਦੀ ਇਸ ਧਾਰਨਾ ਦੀ ਆਲੋਚਨਾ ਕਰਦਾ ਹੋਇਆ ਸਬਾਲਟਰਨ ਰਾਜਨੀਤੀ ਨੂੰ ਪੁਨਰ-ਪਰਿਭਾਸ਼ਿਤ ਕਰਦਾ ਹੈ। ਗ੍ਰਾਮਸ਼ੀ ਦੇ ਛੇ ਸੂਤਰੀ ਸਬਾਲਟਰਨ ਇਤਿਹਾਸਕਾਰੀ ਦੇ ਮਾਡਲ 'ਤੇ ਚਲਦੇ ਹੋਏ ਉਸਦੀ ਧਾਰਨਾ ਹੈ ਕਿ ਕੋਈ ਸਬਾਲਟਰਨ ਸਮੂਹ ਕੇਵਲ ਸੰਗਠਨ ਤੇ ਪੇਸ਼ਕਾਰੀ ਦੀ ਸ਼ਕਤੀ ਪ੍ਰਾਪਤ ਕਰਕੇ ਹੀ ਆਪਣੀ ਸਬਾਲਟਰਨ ਸਥਿਤੀ ਤੋਂ ਅਜ਼ਾਦ ਨਹੀਂ ਹੋ ਸਕਦਾ। ਆਪਣੇ ਆਪ ਨੂੰ ਸ਼ੋਸ਼ਣ ਅਤੇ ਅਧੀਨਗੀ ਦੇ ਚੁੰਗਲ ਤੋਂ ਅਜ਼ਾਦ ਕਰਵਾਉਣ ਦੇ ਰਸਤੇ ਵਿਚ ਸੰਗਠਨ ਤੇ ਪੇਸ਼ਕਾਰੀ ਤਾਂ ਕੇਵਲ ਪੜ੍ਹਾਅ ਮਾਤਰ ਹਨ। ਮਾਰਕੁਸ ਗਰੀਨ ਅਨੁਸਾਰ ਸਬਾਲਟਰਨ ਸਮੂਹ ਕੇਵਲ ਤਦ ਹੀ ਸਬਾਲਟਰਨ ਵਜੋਂ ਖਤਮ ਹੋ ਸਕਦੇ ਹਨ, ਜਦੋਂ ਉਨ੍ਹਾਂ ਦੀ ਹਾਸ਼ੀਆਕ੍ਰਿਤ ਹੋਂਦ ਨੂੰ ਸਮਝਦਿਆਂ ਸਬਾਲਟਰਨ ਹੋਣ ਦੇ ਮੂਲਭੂਤ ਅਧੀਨਗੀ ਦੇ ਸਬੰਧਾਂ ਨੂੰ ਤਬਦੀਲ ਕੀਤਾ ਜਾਵੇਗਾ। ਉਸ ਅਨੁਸਾਰ ਸਪੀਵਾਕ ਦੀ ਸਮੱਸਿਆ ਇਹ ਹੈ ਕਿ ਉਹ ਸਬਾਲਟਰਨ ਦਾ ਪਛਾਣ ਚਿੰਨ੍ਹ 'ਉਸਦਾ ਨਾ ਬੋਲ ਪਾਉਣਾ' ਨਿਰਧਾਰਤ ਕਰਦੀ ਹੈ। ਇਸ ਕਰਕੇ ਉਸਦੇ ਚਿੰਤਨ ਵਿਚੋਂ ਸਬਾਲਟਰਨ ਦੀ ਕ੍ਰਿਆਸ਼ੀਲ ਰਾਜਨੀਤਕ ਕਾਰਵਾਈ ਨਜ਼ਰ-ਅੰਦਾਜ਼ ਹੋ ਜਾਂਦੀ ਹੈ। ਦੂਜੇ ਪਾਸੇ ਗ੍ਰਾਮਸ਼ੀ ਸਮਾਜ ਵਿਚ ਸਬਾਲਟਰਨ ਸਮੂਹਾਂ ਦੁਆਰਾ ਪ੍ਰਾਪਤ ਕੀਤੇ ਸੰਗਠਨ, ਪੇਸ਼ਕਾਰੀ ਅਤੇ ਗ਼ਲਬੇ ਦੀ ਮਾਤਰਾ ਦੇ ਅਨੁਸਾਰ ਉਨ੍ਹਾਂ ਦੀ ਵਿਕਾਸ ਯਾਤਰਾ ਨੂੰ ਮਾਪਦਾ ਹੈ। ਗ੍ਰਾਮਸ਼ੀਅਨ ਚਿੰਤਨ ਅਨੁਸਾਰ ਵਿਭਿੰਨ ਸਬਾਲਟਰਨ ਸਮੂਹਾਂ ਵਿਚੋਂ ਕੋਈ ਸਮੂਹ ਦੂਜਿਆਂ ਦੇ ਮੁਕਾਬਲੇ ਵਧੇਰੇ ਖ਼ੁਦਮੁਖ਼ਤਿਆਰ ਤੇ ਵਿਕਸਤ ਰਾਜਨੀਤਕ ਚੇਤਨਾ ਦੇ ਪੱਧਰ 'ਤੇ ਹੋ ਸਕਦਾ ਹੈ ਪਰ


www.sanvad.org
ISSN : 2395-1273

ਇਸ ਦਾ ਅਰਥ ਇਹ ਨਹੀਂ ਹੈ ਕਿ ਉਹ ਪੂਰੀ ਤਰ੍ਹਾਂ ਆਪਣੀ ਸਬਾਲਟਰਨ ਸਥਿਤੀ ਤੋਂ ਅਜ਼ਾਦ ਹੋ ਗਿਆ ਹੈ। ਉਹ ਸਬਾਲਟਰਨ ਸਥਿਤੀ ਅਧੀਨ ਵਿਚਰਦਾ ਹੋਇਆ ਰਾਜਨੀਤਕ ਸੰਘਰਸ਼ ਦਾ ਜੀਵੰਤ ਹਿੱਸਾ ਹੁੰਦਾ ਹੈ।

ਇਸ ਤਰ੍ਹਾਂ ਸਪੀਵਾਕ ਸੱਤਾ ਦੇ ਗ਼ਲਬੇ ਦੀਆਂ ਬਾਰੀਕ ਸੰਰਚਨਾਵਾਂ ਦਾ ਅਧਿਐਨ ਕਰਦੀ ਸਬਾਲਟਰਨ ਨੂੰ ਇਨ੍ਹਾਂ ਸੰਰਚਨਾਵਾਂ ਦੇ ਹੱਥਾਂ ਵਿਚ ਕਠਪੁਤਲੀ ਬਣਾ ਦਿੰਦੀ ਹੈ। ਉਹ ਸਬਾਲਟਰਨ ਦੇ ਪ੍ਰਤਿਰੋਧ ਤੇ ਰਾਜਨੀਤੀ ਦੀਆਂ ਸੰਭਾਵਨਾਵਾਂ ਨੂੰ ਦੇਖਣ ਤੋਂ ਅਸਮਰੱਥ ਪ੍ਰਤੀਤ ਹੁੰਦੀ ਹੈ। ਪਰ ਜੇਕਰ ਸਪੀਵਾਕ ਦੀ ਅਧਿਐਨ ਵਿਧੀ ਨੂੰ ਰਤਾ ਗਹੁ ਨਾਲ ਵਾਚਿਆ ਜਾਵੇ ਤਾਂ ਸਪੱਸ਼ਟ ਹੁੰਦਾ ਹੈ, ਅਜਿਹਾ ਉਹ ਇਸ ਲਈ ਵੀ ਕਰਦੀ ਹੈ ਕਿਉਂਕਿ ਉਹ ਏਕੀਕ੍ਰਿਤ ਤੇ ਖ਼ੁਦਮੁਖ਼ਤਿਆਰ ਆਤਮ ਦੀ ਆਲੋਚਕ ਹੈ। ਉਹ ਪੱਛਮੀ ਗਿਆਨਾਤਮਕ ਪ੍ਰਬੰਧਾਂ ਅੰਦਰ ਦੈਰੀਦਾ ਤੋਂ ਪ੍ਰਾਪਤ ਅੰਤਰ-ਦ੍ਰਿਸ਼ਟੀ ਰਾਹੀਂ ਇਸ ਖ਼ੁਦਮੁਖ਼ਤਿਆਰ ਆਤਮ ਨੂੰ ਹੀ ਲਾਗੋਸ ਜਾਂ ਸ਼ਬਦ-ਰੱਬਵਾਦ ਵਜੋਂ ਪਹਿਚਾਣਦੀ ਹੈ। ਇਹ ਸ਼ਬਦ-ਰੱਬਵਾਦ ਰੱਬ ਨੂੰ ਵਿਸਥਾਪਿਤ ਕਰਕੇ ਜਿਸ ਏਕੀਕ੍ਰਿਤ ਆਤਮ ਨੂੰ ਗਿਆਨ ਦੇ ਕੇਂਦਰ ਵਿਚ ਸਥਾਪਿਤ ਕਰਦਾ ਹੈ, ਇਹ ਮੁੜਵੇਂ ਰੂਪ ਵਿਚ ਪਰਾ-ਭੌਤਿਕਤਾ ਦੀ ਹੀ ਵਾਪਸੀ ਕਰਵਾਉਂਦਾ ਹੈ। ਇਸ ਦੀ ਥਾਂ ਸਪੀਵਾਕ ਪਾਠ ਜਾਂ ਆਤਮ ਦੀ ਪਦਾਰਥਕਤਾ ਤੇ ਭੌਤਿਕਤਾ ਦੀਆਂ ਜੜ੍ਹਾਂ ਨੂੰ ਤਲਾਸ਼ ਕਰਦੀ ਹੈ। ਇਸ ਏਕੀਕ੍ਰਿਤ ਖ਼ੁਦਮੁਖ਼ਤਿਆਰ ਆਤਮ ਦੀ ਧਾਰਨਾ ਵੀ ਇਤਿਹਾਸ, ਪ੍ਰਸਥਿਤੀ ਤੇ ਸਥਾਨ ਅੰਦਰ ਗੁੰਨੀ ਹੋਈ ਹੈ। ਭਾਵ ਉਹ ਗਿਆਨ ਉਤਪਾਦਨ ਦੀ ਪਦਾਰਥਕਤਾ ਨੂੰ ਉਭਾਰਦੀ ਪਰਾਭੌਤਿਕਤਾ ਦੇ ਪਰਦੇ ਨੂੰ ਬੇਪਰਦ ਕਰਦੀ ਹੈ। ਪਰ ਇਸਦੇ ਉਲਟ ਫੂਕੋ ਦਾ ਮੰਨਣਾ ਹੈ ਕਿ ਕੋਈ ਵੀ ਸੱਤਾਧਾਰੀ ਪ੍ਰਵਚਨ ਆਪਣੇ ਵਿਚੋਂ ਪ੍ਰਤਿਰੋਧ ਦੀਆਂ ਸੰਭਾਵਨਾਵਾਂ ਨੂੰ ਪੂਰੀ ਤਰ੍ਹਾਂ ਖ਼ਤਮ ਨਹੀਂ ਕਰਦਾ ਹੈ। ਇਸੇ ਪ੍ਰਕਾਰ ਹੀ ਰੇਮੰਡ ਵਿਲਿਅਮਜ਼ ਵੀ ਗ਼ਲਬੇ ਦੀ ਸਮੁੱਚਤਾਵਾਦੀ ਪਰਿਭਾਸ਼ਾ 'ਤੇ ਤਿੱਖਾ ਹਮਲਾ ਕਰਦਾ ਹੈ। ਉਸ ਅਨੁਸਾਰ ਸੱਤਾਧਾਰੀ ਧਿਰ ਦਾ ਗ਼ਲਬਾ ਆਪਣੇ ਅੰਦਰ ਕਦੇ ਵੀ ਪ੍ਰਤਿਰੋਧ ਅਤੇ ਵਿਕਲਪੀ ਗ਼ਲਬੇ ਦੀਆਂ ਸੰਭਾਵਨਾਵਾਂ ਨੂੰ ਸਮਾ ਨਹੀਂ ਪਾਉਂਦੀ ਹੈ, ਕਿਉਂਕਿ ਅਮਲੀ ਪੱਧਰ 'ਤੇ ਇਹ ਵਿਹਾਰ ਦੇ ਯਥਾਰਥਕ ਤੇ ਗਤੀਸ਼ੀਲ ਪੱਖ ਹਨ।

ਸਪੀਵਾਕ ਸਬਾਲਟਰਨ ਦਾ ਪ੍ਰਮੁੱਖ ਪਛਾਣ ਚਿੰਨ ਉਸਦਾ 'ਨਾ ਬੋਲ ਸਕਣਾ' ਨਿਰਧਾਰਤ ਕਰਦੀ ਹੈ। ਉਹ ਬੁੱਧੀਜੀਵੀਆਂ ਵੱਲੋਂ ਪੇਸ਼ਕਾਰੀ ਨੂੰ ਗਿਆਨ-ਸ਼ਾਸਤਰੀ ਦ੍ਰਿਸ਼ਟੀ ਬਿੰਦੂ ਦੀ ਵਿਚੋਲਗੀ ਰਾਹੀਂ ਸਮੱਸਿਆਗ੍ਰਸਤ ਮੰਨਦੀ ਹੈ। ਇਸ ਲਈ ਵਿਕਲਪੀ ਸਬਾਲਟਰਨ ਰਾਜਨੀਤੀ ਦੇ ਉਸਾਰ ਲਈ ਉਹ ਬੁੱਧੀਜੀਵੀਆਂ ਨੂੰ ਪ੍ਰਤੀਨਿੱਧਤਵ ਦੀ ਜਟਿਲਤਾ ਸਬੰਧੀ ਚੇਤੰਨ ਕਰਦੀ ਹੈ। ਦੂਜੇ ਪਾਸੇ ਗ੍ਰਾਮਸ਼ੀ ਦਾ ਚਿੰਤਨ ਸਬਾਲਟਰਨ ਰਾਜਨੀਤੀ ਤੇ ਵਿਕਲਪੀ ਗ਼ਲਬਾ ਸਿਰਜਣ ਲਈ ਸੂਖਮ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕਰਦਾ ਹੈ। ਉਹ ਪਰੰਪਰਾਗਤ ਮਾਰਕਸਵਾਦ ਦੇ ਝੂਠੀ ਚੇਤਨਾ ਦੇ ਸੰਕਲਪ ਦੀ ਥਾਂ ਲੋਕ-ਬੋਧ (Common sense) ਦਾ ਸੰਕਲਪ ਦੇ ਕੇ ਮਾਰਕਸਵਾਦ ਨੂੰ ਵਿਹਾਰ ਦੇ ਫ਼ਲਸਫ਼ੇ ਵਜੋਂ ਚੱਲ ਰਹੇ ਗਤੀਸ਼ੀਲ ਗ਼ਲਬੇ ਦੇ ਠੋਸ ਸੰਘਰਸ਼ ਦੇ ਵਧੇਰੇ ਨੇੜੇ ਲੈ ਜਾਂਦਾ ਹੈ। ਇਸ ਲੋਕ-ਬੋਧ ਅੰਦਰ ਭਾਵੇਂ ਕੇ ਸੱਤਾਧਾਰੀ ਧਿਰ ਦੀ ਵਿਚਾਰਧਾਰਾ ਭਾਰੂ ਹੁੰਦੀ ਹੈ ਪਰ ਇਸ ਦੇ ਵਿਰੋਧ ਵਿਚ ਵਿਕਲਪੀ ਦ੍ਰਿਸ਼ਟੀ ਸਿਰਜਣ ਦੀ ਸੰਭਾਵਨਾ ਵੀ ਟੁੱਟਵੇਂ ਰੂਪ ਵਿਚ ਹਾਜ਼ਰ ਹੁੰਦੀ ਹੈ। ਸਬਾਲਟਰਨ ਸਮੂਹਾਂ ਦੇ ਇਸ ਸਹਿਜ-ਸੁਭਾਵਕ ਲੋਕ-ਬੋਧ ਦੇ ਪ੍ਰਗਤੀਸ਼ੀਲ ਤੱਤਾਂ ਨੂੰ ਸੰਗਠਿਤ ਰੂਪ ਦਿੰਦੇ ਹੋਏ ਮੁਕਤੀ ਲਈ ਵਿਹਾਰ ਦਾ ਕ੍ਰਾਂਤੀਕਾਰੀ ਫ਼ਲਸਫ਼ਾ ਉਸਾਰਨ ਦਾ ਭਾਰ ਬੁੱਧੀਜੀਵੀ ਦੇ ਮੋਢਿਆਂ 'ਤੇ ਹੀ ਹੁੰਦਾ ਹੈ। ਅਜਿਹਾ ਫ਼ਲਸਫ਼ਾ ਸਿਰਜਣ ਵਿਚ ਪਰੰਪਰਾਗਤ ਬੁੱਧੀਜੀਵੀਆਂ ਨਾਲੋਂ ਜੈਵਿਕ ਬੁੱਧੀਜੀਵੀ ਵਧੇਰੇ ਕਾਰਗਰ ਹੋ ਸਕਦੇ ਹਨ। ਕਿਉਂਕਿ ਪਰੰਪਰਾਗਤ ਬੁੱਧੀਜੀਵੀਆਂ ਦੀ ਸਬਾਲਟਰਨ ਪ੍ਰਤੀ ਕੁਲੀਨ ਕਿਸਮ ਦੀ ਪਹੁੰਚ ਦ੍ਰਿਸ਼ਟੀ ਉਹਨਾਂ ਨੂੰ ਪੇਸ਼ਕਾਰੀ ਦੀਆਂ ਸਮੱਸਿਆਵਾਂ ਤੋਂ ਨਿਜਾਤ ਨਹੀਂ ਦਿਵਾ ਸਕਦੀ। ਜਿਸ ਕਰਕੇ ਇਨ੍ਹਾਂ ਬੁੱਧੀਜੀਵੀਆਂ ਦਾ ਚਿੰਤਨ ਪੰਡਤਾਊ ਭਾਸ਼ਾਈ ਮੁਹਾਵਰੇ ਵਿਚ ਫਸ ਕੇ ਸੱਤਾ ਦੇ ਛਲਾਵਿਆਂ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਸਬੰਧੀ ਗ੍ਰਾਮਸ਼ੀ ਵੀ ਬੁੱਧੀਜੀਵੀਆਂ ਨੂੰ ਜਾਗਰੂਕ ਕਰਦਾ ਹੈ ਅਤੇ ਇਥੇ ਪਹੁੰਚ ਕੇ ਸਪੀਵਾਕ ਦਾ 'ਸਬਾਲਟਰਨ ਤੋਂ ਕਿਵੇਂ ਸਿੱਖਿਆ ਜਾਵੇ' ਅਤੇ ' ਸਬਾਲਟਰਨ ਨਾਲ ਇਕਹਿਰੇ ਨੈਤਿਕਤਾ ਅਧਾਰਿਤ ਰਿਸ਼ਤੇ' ਰਾਹੀਂ ਨਵੀਂ ਪੈਡਾਗੋਜੀ ਉਸਾਰਨ ਦੇ ਵਿਚਾਰ ਗ੍ਰਾਮਸ਼ੀ ਦੇ 'ਜੈਵਿਕ ਬੁੱਧੀਜੀਵੀ' ਤੇ 'ਸਬਾਲਟਰਨ ਲੋਕ-ਬੋਧ' ਵਿਚਲੇ ਦੁਵੱਲੇ ਰਿਸ਼ਤੇ ਸਬੰਧੀ ਵਿਚਾਰਾਂ ਨਾਲ ਸਾਂਝ ਪਾਉਂਦੇ ਪ੍ਰਤੀਤ ਹੁੰਦੇ ਹਨ। ਗ੍ਰਾਮਸ਼ੀ ਜੈਵਿਕ ਬੁੱਧੀਜੀਵੀਆਂ ਦੇ ਸਬਾਲਟਰਨ ਨਾਲ ਦੁਵੱਲੇ ਰਿਸ਼ਤੇ ਨੂੰ ਪੁਨਰ-ਪਰਿਭਾਸ਼ਿਤ ਕਰਦਾ ਲਿਖਦਾ ਹੈ ਕਿ ਇਹ ਆਪਣੇ ਆਪ ਨੂੰ ਧਰਤੀ ਵਿਚੋਂ ਪੈਦਾ ਹੋਇਆ ਲੂਣ ਸਮਝਦੇ ਹਨ ਅਤੇ ਮਜ਼ਦੂਰਾਂ ਨੂੰ ਕ੍ਰਾਂਤੀ ਦੇ ਆਗੂ ਦਸਤੇ ਸਮਝਣ ਦੀ ਥਾਂ ਸਮਾਜਕ ਤਬਦੀਲੀ ਲਈ ਨਿਰਜੀਵ ਪਦਾਰਥਕ ਸੰਦਾਂ ਦੇ ਤੌਰ 'ਤੇ ਲੈਂਦੇ ਹਨ।

ਸਮੁੱਚੇ ਰੂਪ ਵਿਚ ਗਾਈਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ ਆਲਮੀ ਕਿਰਤ ਦੀ ਵੰਡ

ਹੇਠ ਭਾਰਤ ਅੰਦਰ ਸਬਾਲਟਰਨ ਦੀ ਸਥਿਤੀ ਤੇ ਇਸ ਵਿਚ ਬੁੱਧੀਜੀਵੀਆਂ ਦੀ ਭੂਮਿਕਾ ਨੂੰ ਸਮਝਣ ਲਈ ਮਹੱਤਵਪੂਰਨ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕਰਦਾ ਹੈ। ਇਸ ਕਰਕੇ ਇਕੀਵੀਂ ਸਦੀ ਦੇ ਤੀਜੇ ਦਹਾਕੇ ਵਿਚ ਪ੍ਰਵੇਸ਼ ਕਰ ਚੁੱਕੇ ਭਾਰਤ ਵਿਚ ਸਬਾਲਟਰਨ ਧਿਰਾਂ ਦੇ ਬਹੁਪਰਤੀ ਦਮਨ ਤੇ ਸ਼ੋਸ਼ਣ ਦੇ ਮਸਲਿਆਂ ਨੂੰ ਸਮਝਣ ਲਈ ਸਪੀਵਾਕ ਦੇ ਦਾਰਸ਼ਨਿਕ ਚਿੰਤਨ ਦੀ ਸਮਕਾਲ ਵਿਚ ਵਿਸ਼ੇਸ਼ ਸਾਰਥਕਤਾ ਹੈ।

## ਹਵਾਲੇ ਤੇ ਟਿਪਣੀਆਂ

1. Stephon Morton, Gaytari Chakravorty Spivak, Page 4
2. More specifically, in Anglo-American feminist theory, anti-racist theory and gay/ lesbian theory during the 1980s and early 1990s, the word essentialism came to have increasingly negative connotations because it defined categories like gender, race or sexuality in terms of fixed human essences, based on prior biological explanations. Such a theory of human identity is problematic because it runs the risk of ignoring particular cultural differences in race, class, sexuality, religion, ethnicity or identity. For this reason, critical thought in the 1980s and early 1990s generally shifted to an anti-essentialist position, which rejected all stable categories of identity. Hence for the anti- racist thinker Henry Louis Gates, race was redefined as a pernicious metaphor rather than a scientific truth claim; and for feminist theorist Judith Butler, sexuality and gender were rethought as social and linguistic constructs rather than stable biological foundations. Instead of fixed human essences and identities, anti- essentialist thought takes up more flexible positionings or positionalities in social, political and critical thought. Stephen Morton ,Gayatri Chakravorty Spivak, Page 73
3. Vinay Gidwani, Subalternity, N.Thrift and R.Kitchen (ed.), International Encyclopedia of Human Geography, Page 68
4. In the place of these political master words, Spivak proposes the word subaltern to encompass a range of different subject positions which are not predefined by dominant political discourses. Stephen Morton ,Gayatri Chakravorty Spivak, Page 45
5. Language, Counter-Memory, Practice: Selected essays and interviews by Michel Foucault, Edited by Donald F.Bouchard, "Intellectuals and Power: A conversation between Michel Foucault and Gilles Deleuze".
6. Ibid
7. Reflections on the History of idea: Can the Subaltern Speak, Edited by Rosalind C. Morris, Page 29.
8. Ibid, Page 288-89
9. Gayatri Chakravorty Spivak, Can the subaltern speak?, The Post-Colonial Studies Reader, Ed. Bill Ashcroft, Gareth Griffiths and Helen Tiffin, Page 25
10. This poststructuralist shift from conceptualizing the subject as autonomous of (elite) discourse to seeing it as an "effect of discursive systems" was a major outcome of spivak' intervention. New Subaltern politics, Ed. Alf Gunvald Nilsen and Srila Roy, Page 9

11. I don't think that I declare myself to be allied to the subaltern. The subaltern is all that is not elite, but the trouble with those kinds of names is that if you have any kind of polotical interest you name it in the hope that the name will disappear. That's what class consciousness is in the interest of: the class disappearing. What politically we want to see is that the name s would not be possible. So what I'am interested in is seeing ourselves as namers of the subaltern. If the subaltern can speak then, thnak God, the subaltern is not a subaltern any more. The postcolonial Critic: Interviews, Strategies, Dialogues, Ed. Sarah Harasym, Page 158
12. 'Spivak in her own writings severely restricts (eliminates?) the space in which the colonized can be written back into history, even when "interventionist possibilities" are exploited through the deconstructive strategies devised by the post-colonial intellectual'. Benita Parry, 'Problems in Current Theories of Colonial Discourse', Oxford Literary Review 9 (1-2), Page 39
13. From Nanny, the guerrilla leader of the Maroon uprisings of 1773, through the bazaar prostitutes' role in the 1857 Indian "Mutiny" and the Nigerian market women protesters of 1929 to the "bandit queen" Phoolan Devi today, the resistance of the subaltern woman has always been acknowledged in dominant histori-ography'. Moore-Gilbert, B.J. Post-Colonial Theory: Contexts, Practices, Politics, Page 107
14. Marcus Green, Gramsci Cannot Speak: Presentations of Gramsi's Concept of the Subaltern, Rethinking Gramsci, Ed. Marcus Green, Page 84-85.
15. Raymond william,Marxism and literature, Page 113
16. Translated and ed. Quintin Hoare,via.Christine Buci-Glucksmann,Gramsci and the state, Page 29.

◈